ਮਾਸਕ ਪੱਤਰ


ੴ

# ਸੂਰਾ

ਅੰਮ੍ਰਿਤਸਰ

ਗੁਰਮੁਖ ਪਿਆਰੇ ਪ੍ਰੋ: ਠਾਕਰ ਸਿੰਘ ਜੀ

AUG 1987



ਅਗਸਤ ੧੯੮੭

ਜੋ ੨੬ ਜੂਨ ੧੯੮੭ ਨੂੰ ਗੁਰਪੁਰੀ ਪਿਆਨੇ ਕਰ ਗਏ

www.AKJ.org

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੩/੭੦-੬੮-੪ (ਅ. ਪ.) ਮਿਤੀ ੧੭-੧੦-੬੮ ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆ ਲਾਇਬਰੇਰੀਆਂ ਲਈ ਪਰਵਾਨ ਹੈ

# ਤਤਕਰਾ


| | | |
|---|---|---|
| ਰੂਹਾਨੀਅਤ ਤੋਂ ਸਖਣੀ ਕੌਮ ਜਾਂ ਕੌਮੀਅਤ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਖਾਲਸਾ ਧਰਮ ਸਭ ਧਰਮਾਂ ਵਿਚ ਸ੍ਰੇਸ਼ਟ ਧਰਮ | ੪ | ,, ,, ,, |
| ਸਹੀ ਤੇ ਸੁਖਦਾਈ ਸਾਂਝੀਵਾਲਤਾ | ੮ | ਪ੍ਰਿੰਸੀਪਲ ਹਰਿਭਜਨ ਸਿੰਘ ਜੀ |
| ਸਰਬੱਤ ਖਾਲਸਾ ਜੀ ਕੀ ਅਰਦਾਸ | ੧੧ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਖਾਲਸਾ ਅਕਾਲ ਪੁਰਖ ਕੀ ਫੌਜ | ੧੪ | ਸ: ਦਰਸ਼ਨ ਸਿੰਘ ਜੀ |
| ਗੁਰਬਾਣੀ ਵੀਚਾਰ | ੧੬ | ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸਰਕਲ |
| ਰੰਗਲੇ ਸਜਣ ਪ੍ਰੋ: ਠਾਕਰ ਸਿੰਘ ਜੀ | ੧੯ | 'ਸੂਰਾ' ਪਰਵਾਰ |
| ਜੋਗੀ ਜੀ ਨੂੰ ਅਲੌਕਿਕ ਪਤਰਕਾ | ੨੧ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸ਼ਹੀਦੀ ਭਾਈ ਦਿਆਲਾ ਜੀ (ਕਵਿਤਾ) | ੨੩ | ਸ: ਅਤਰ ਸਿੰਘ ਜੀ ਨੀਰ |
| ਰੁਬਾਈਆਂ (ਰੁਬਾਈਆਂ) | ੨੬ | ਸ: ਤੇਗ ਬਹਾਦਰ ਸਿੰਘ ਤੇਗ |
| ਭੀ ਗੁਰੁ ਦੇਖਣ ਜਾਈ | ੨੭ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਆਂਡਾ ਸਿਹਤ ਲਈ ਹਾਨੀਕਾਰਕ | ੩੧ | ਸ: ਗੁਰਚਰਨ ਸਿੰਘ ਜੀ ਫੂਲ |
| ਇਹ ਆਂਡੇ ਮਾਰੂ ਜ਼ਹਿਰਾਂ ਦੇ ਭਰੇ ਹੋਏ ਹਨ | ੩੨ | ਜੇ. ਪੀ. ਸੰਗਤ ਸਿੰਘ ਜੀ |
| ਬਸ ਕਾਂਡਾਂ ਮਗਰੋਂ ਕੁਲੂ ਵਿਚ ਝੁਲਿਆ ਕਹਿਰ | ੩੪ | ਰੋਜ਼ਾਨਾ 'ਅਜੀਤ' |
| ਸੁਖਮਨੀ ਵਾਲੇ ਪੈਗੰਬਰ ਦਾ ਸੰਦੇਸ਼ | ੩੬ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ |
| ਸਤੁ ਸੰਤੋਖੁ ਸਦਾ ਸਚੁ ਪਲੇ | ੩੮ | ਡਾਕਟਰ ਰਤਨ ਸਿੰਘ ਜੀ ਜਗੀ |
| ਖਾਲਸੇ ਦੀ ਆਚਰਣਿਕ ਉੱਚਤਾ | ੪੧ | ਕੈਪਟਿਨ ਸਵਰਨ ਸਿੰਘ ਜੀ |


| | | | |
|---|---|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ | ੨੫ ਅਗਸਤ | ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ | ੨੬ ਅਗਸਤ |
| ਸ੍ਰੀ ਗੁਰੂ ਰਾਮਦਾਸ ਜੀ ਜੋਤਿ ਜੋਤਿ | ੨੭ ਅਗਸਤ | ਬਾਬੇ ਦਾ ਵਿਆਹ (ਵਟਾਲਾ) | ੩੧ ਅਗਸਤ |

## ਸੂਰਾ ਮਾਸਿਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਸੁਰਜੀਤ ਸਿੰਘ ਬਜਾਜ ਭੁਪਾਲ | ਪਿਤਾ ਸ: ਨਾਨਕ ਸਿੰਘ ਜੀ ਦੀ ਯਾਦ ਵਿਚ | ੫੦-੦੦ |
| ਸ: ਅਮੋਲਕ ਸਿੰਘ ਅਮੋਲ ਜਮਸ਼ੇਦਪੁਰ | ਪਿਤਾ ਸ: ਆਸਾ ਸਿੰਘ ਦੀ ਯਾਦ ਵਿਚ | ੮੧-੦੦ |
| ਸ: ਦਲਜੀਤ ਸਿੰਘ ਭੱਟੀਆ | ਕਾਕਾ ਅਮਰਜੀਤ ਸਿੰਘ ਦੇ ਜਨਮ ਦੀ ਖੁਸ਼ੀ ਵਿਚ | ੧੧-੦੦ |
| ਮਾਤਾ ਵੀਰਾਂਵਤੀ ਜੋਧਪੁਰ | ਸ੍ਰੀ ਅਖੰਡਪਾਠ ਸਮੇਂ | ੩੧-੦੦ |
| ਸ: ਸਰੂਪ ਸਿੰਘ ਅਨੂਪ ਸਿੰਘ ਕਵੈਤ | ਕਾਕਾ ਨਵਜੋਤ ਸਿੰਘ ਮਨਜੋਤ ਸਿੰਘ ਲਈ ਅਰਦਾਸ | ੫੨੫-੦੦ |

| | | | |
|---|---|---|---|
| ਗ: ਗੁਰੂ ਨਾਨਕ ਸਤਿਸੰਗ ਸਭਾ ਮੈਡਨਹੈਡ ਯੂ.ਕੇ | ੪੪੩-੧੦ | ਸ: ਰਣਜੀਤ ਸਿੰਘ ਲੁਧਿਆਣਾ | ੨੦-੦੦ |
| ਐਸ ਐਸ ਸਿਧੂ ਕਵੈਂਟਰੀ ਯੂ ਕੇ. | ੧੦੫੪-੫੦ | ਭਾ: ਇਕਬਾਲ ਸਿੰਘ ਪਟਨਾ ਸਾਹਿਬ | ੬੦੦-੦੦ |
| ਬਲਬੀਰ ਕੌਰ ਰੈਡਿੰਗ ਯੂ ਕੇ. | ੪੭੨-੦੦ | ਸ: ਜਗਦੇਵ ਸਿੰਘ ਅਬੂਧਾਬੀ | ੨੫੦-੦੦ |
| ਸ: ਦਲੀਪ ਸਿੰਘ ਮੱਕੜ ਦਿੱਲੀ | ੫੦੦-੦੦ | ਸ: ਨਿਰੰਜਨ ਸਿੰਘ ਸ਼ਾਹਜਹਾਨਪੁਰ | ੧੦੦-੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੮-੮੭ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ 43094

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |

**ਪਰਦੇਸ (ਸਾਰੇ ਦੇਸ)**
**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

Foreign Subscription

| | |
|---|---|
| Sea Mail | 40-00 |
| Air Mail | 100-00 |

**ਅਮਾਨਤੀ**
**ਲਾਈਫ਼ ਮੈਂਬਰ**

| | |
|---|---|
| ਦੇਸ | ੧੫੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੧    ਅਗਸਤ ੧੯੮੭    ਅੰਕ ੮


## ਰੂਹਾਨੀਅਤ ਤੋਂ ਸਖਣੀ ਕੌਮ ਜਾਂ ਕੌਮੀਅਤ

ਜਿਸ ਕੌਮ ਤੇ ਕੌਮੀਅਤ ਅੰਦਰ ਰੂਹਾਨੀਅਤ ਵਾਲੀ ਜੀਵਨ-ਕਣੀ ਨਹੀਂ, ਐਸੇ ਨਿਰੇ ਰਾਜ-ਸਾਜ ਦੀ ਇੱਛਾ ਵਾਲਿਆਂ ਨੂੰ ਦੇਵਨੇਤ ਨਾਲ ਰਾਜ-ਸਾਜ ਮਿਲ ਵੀ ਜਾਵੇ ਤਾਂ ਇਸ ਬਾਤ ਦੀ ਕੀ ਗਰੰਟੀ ਹੈ ਕਿ ਉਹਨਾਂ ਦਾ ਬੁਲ-ਹਵਸੀ-ਰਾਜ ਕਿਸੇ ਪਹਿਲੇ ਕਾਇਮ-ਸ਼ੁਦਾ ਰਾਜ ਨਾਲੋਂ ਚੰਗੇਰਾ ਤੇ ਪਰਜਾ ਲਈ ਅਧਿਕ ਭਲੇਰਾ ਹੋਵੇਗਾ। ਜਿਸ ਕੌਮੀਅਤ ਅੰਦਰ ਵਜ਼ੀਰੀਆਂ ਸਾਂਭਣ ਦੀ ਲਾਲਸਾ ਲਗੀ ਹੋਈ ਹੋਵੇ, ਜਿਸ ਕੌਮੀਅਤ ਦੇ ਕੌਮ-ਪ੍ਰਸਤ ਆਗੂ ਕੌਂਸਲਾਂ ਤੇ ਡਿਸਟ੍ਰਿਕਟ ਬੋਰਡਾਂ, ਮਿਊਨਿਸਪਲ ਕਮੇਟੀਆਂ ਦੀਆਂ ਮੈਂਬਰੀਆਂ ਦੀ ਪ੍ਰਾਪਤੀ ਖ਼ਾਤਰ ਆਮ ਜਨਤਾ ਨੂੰ ਸੱਭਿਅਤਾ-ਹੀਣ ਤੇ ਇਖ਼ਲਾਕੋਂ ਗਿਰੇ ਹੋਏ ਲਾਲਚ ਦੇ ਦੇ ਕੇ ਕੌਮੀਅਤ ਦੇ ਸ਼ੀਰਾਜ਼ੇ ਨੂੰ ਪਾਸ਼ ਪਾਸ਼ ਕਰਨ ਉਤੇ ਆ ਉਤਰਨ, ਉਨ੍ਹਾਂ ਨੇ ਭਲਾ ਬਣਨ ਵਾਲੀ ਰਾਜਗੀਰੀ ਦੇ ਅਹੁਦੇ ਹਾਸਲ ਕਰਕੇ ਕੀ ਪੂਰੀਆਂ ਪਾਉਣੀਆਂ ਹਨ ? ਅਜਿਹੇ ਪੁਰਸ਼ਾਂ ਦੇ ਹੱਥ ਆਈ ਰਾਜਗੀਰੀ ਝਬਦੇ ਹੀ ਰਾਜ-ਗਰਦੀ ਵਿਚ ਪਲਟ ਜਾਏਗੀ। ਆਪਾ-ਪ੍ਰਸਤਾਂ ਤੋਂ ਕੌਮ-ਪ੍ਰਸਤੀ ਨਹੀਂ ਹੋ ਸਕਦੀ। ਸੁਆਰਥੀਆਂ ਪਾਸੋਂ ਪਰਸੁਆਰਥ ਤੇ ਪਰਉਪਕਾਰ ਕਦੇ ਨਹੀਂ ਹੋ ਸਕਦਾ।

ਸੁਆਰਥੀ ਚਾਲਾਂ ਨਾਲ ਪ੍ਰਾਪਤ ਕੀਤੇ ਸ੍ਵਰਾਜ ਤੇ ਕੌਮੀ ਰਾਜ ਤੋਂ ਕੋਈ ਲਾਭ ਨਹੀਂ ਹੋ ਸਕਦਾ ਤੇ ਨਾ ਇਨਸਾਨੀਅਤ, ਇਖ਼ਲਾਕ, ਅਣਖ, ਪਰਉਪਕਾਰ ਆਦਿ ਗੁਣਾਂ ਤੋਂ ਸਖਣੇ ਪੁਰਸ਼ਾਂ ਦੇ ਇਕੱਠ ਦਾ ਨਾਮ ਕੌਮ ਜਾਂ ਕੌਮੀਅਤ ਹੋ ਸਕਦਾ ਹੈ। [ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਲੇਖ' ਵਿਚੋਂ




www.AKJ.Org

# ਖਾਲਸਾ ਧਰਮ ਸਭ ਧਰਮਾਂ ਵਿਚ ਸ੍ਰੇਸ਼ਟ ਧਰਮ

[ ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

ਕਈ ਚਗਲ ਪੰਥੀ ਅਤੇ ਸੁਖ ਰਹਿਣੀ ਰਹਿਤ ਦੇ ਸੁਗਮਤਾ ਸਹੇੜੂ ਤੇ ਬਿਬੇਕ ਧਾਰਨਾ ਦੇ ਡਰੂ ਬਹਾਨਾ-ਬਾਜ਼ ਸਿਖ, ''ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'' ਵਾਲੇ ਸ੍ਰੀ ਦਸਮੇਸ਼ ਵਾਕ ਦੇ ਨਿਜ ਮਤਲਬੀ ਮਨਘੜਤ ਅਤੇ ਉਲਟੇ ਅਰਥ ਲਾਉਣ ਲੱਗ ਪੈਂਦੇ ਹਨ ਅਤੇ ਆਪੋਂ ਹੀ ਬ੍ਰਹਮ-ਬੇਤਾ ਉਚ ਗਿਆਨੀ ਬਣਿ ਬਣਿ ਬਹਿੰਦੇ ਹਨ ਅਤੇ ਕਹਿੰਦੇ ਹਨ ਕਿ ਹਿੰਦੂ ਤੁਰਕ ਆਦਿਕ ਦਾ ਭੇਦ ਮਿਥਿਆ ਹੈ, ਸਿਖਾਂ ਨਾਲੋਂ ਇਹਨਾਂ ਦਾ ਕੋਈ ਵਿਤਰੇਕ ਨਹੀਂ। ਸਭੇ ਬਣੇ ਬਣਾਤੇ ਸਿਖ ਹਨ, ਉਹਨਾਂ ਨੂੰ ਸਿਖੀ ਮੰਡਲ ਵਿਚ ਲਿਆਉਣ ਦੀ ਕੋਈ ਲੋੜ ਨਹੀਂ। ਉਹਨਾਂ ਨਾਲ ਖੁਲ੍ਹਮ-ਖੁਲ੍ਹਾ ਖਾਓ ਪੀਓ। ਮਾਨਸ ਕੀ ਜਾਤ ਸਭ ਇਕੋ ਜੁ ਹੋਈ। ਹਿੰਦੂ ਤੁਰਕ ਸਭੇ ਉਸ ਦੇ ਦਰ ਤੇ ਪਰਵਾਨ ਹਨ। ਭਾਵੇਂ ਸਿਖ ਬਣਨ ਭਾਵੇਂ ਨ ਬਣਨ। ਸਭੇ ਮਤ ਧਰਮ ਅਤੇ ਅਨਿਕ ਧਰਮ ਗ੍ਰਹਿਣਹਾਰੇ ਇਕ-ਸਾਰ ਸ੍ਰੇਸ਼ਟ ਹਨ। ਚਾਹੇ ਕੋਈ ਕਿਸੇ ਧਰਮ ਵਿਚ ਹੋਵੇ। ਪ੍ਰੰਤੂ ਦੇਖੋ ਇਸ ਪ੍ਰਥਾਇ ਸ੍ਰੀ ਦਸਮੇਸ਼ ਜੀ ਉਸ ਸ੍ਰੀ ਅਕਾਲ ਉਸਤਤਿ ਵਿਖੇ ਹੀ ਫੁਰਮਾਉਂਦੇ ਹਨ :

ਕਈ ਬ੍ਰਹਮ ਬੇਦ ਰਟੰਤ ॥
ਕਈ ਸੇਖ ਨਾਮ ਉਚਰੰਤ ॥
ਬੈਰਾਗ ਕਹੂੰ ਸੰਨਿਆਸ ॥
ਕਹੂੰ ਫਿਰਤ ਰੂਪ ਉਦਾਸ ॥੧੯॥੪੯॥
ਸਭ ਕਰਮ ਫੋਕਟ ਜਾਨ ॥
ਸਭ ਧਰਮ ਨਿਹਫਲ ਮਾਨ ॥
ਬਿਨ ਏਕ ਨਾਮ ਅਧਾਰ ॥
ਸਭ ਕਰਮ ਭਰਮ ਬਿਚਾਰ ॥੨੦॥੫੦॥...

ਪੁਨਾ–ਕਈ ਜਪਤ ਜੋਗ ਕਲਪੰ ਪ੍ਰਜੰਤ ॥
ਨਹੀ ਤਦਪਿ ਤਾਸ ਪਾਯਤ ਨ ਅੰਤ ॥
ਕਈ ਕਰਤ ਕੋਟ ਬਿੱਦਿਆ ਬਿਚਾਰ ॥
ਨਹੀ ਤਦਪਿ ਦ੍ਰਿਸਟਿ ਦੇਖੈ ਮੁਰਾਰ॥੧੯॥੧੩੯॥
ਬਿਨ ਭਗਤਿ ਸਕਤਿ ਨਹੀ ਪਰਤ ਪਾਨ ॥
ਬਹੁ ਕਰਤ ਹੋਮ ਅਰ ਜੱਗ ਦਾਨ ॥
ਬਿਨ ਏਕ ਨਾਮ ਇਕ ਚਿੱਤ ਲੀਨ ॥
ਫੋਕਟੋ ਸਰਬ ਧਰਮਾ ਬਿਹੀਨ ॥੨੦॥੧੪੦॥

ਪੁਨਾ–ਜਿਹ ਬੇਦ ਪੁਰਾਨ ਕਤੇਬ ਜਪੈ ॥
ਸੁਤ ਸਿੰਧ ਅਧੋ ਮੁਖ ਤਾਪ ਤਪੈ ॥
ਕਈ ਕਲਪਨ ਲੌ ਤਪ ਤਾਪ ਕਰੈ ॥
ਨਹੀ ਨੈਕ ਕ੍ਰਿਪਾਨਿਧਿ ਪਾਨ ਪਰੈ ॥੧੮॥੧੫੮॥
ਜਿਹ ਫੋਕਟ ਧਰਮ ਸਬੈ ਤਜਿ ਹੈ ॥
ਇਕ ਚਿੱਤ ਕ੍ਰਿਪਾਨਿਧ ਕੋ ਜਪ ਹੈ ॥
ਤੇਊ ਯਾ ਭਵਸਾਗਰ ਕੋ ਤਰ ਹੈ ॥
ਭਵ ਭੂਲ ਨ ਦੇਹ ਪੁਨਰ ਧਰ ਹੈ ॥੧੯॥੧੫੯॥

ਇਸ ਪ੍ਰਕਰਣ ਪ੍ਰਥਾਇ ਅਧਕ ਸੰਦੇਹ ਨਵਿਰਤ ਕਰਨ ਲਈ ਜ਼ਰੂਰੀ ਹੈ ਕਿ ਏਥੇ ਸ੍ਰੀ ਬਚਿਤ੍ਰ ਨਾਟਕ ਅਧਿਆਇ ੬ ਵਿਚੋਂ ਸ੍ਰੀ ਦਸਮੇਸ਼ ਜੀ ਦੇ ਤਰਦੇ ਤਰਦੇ ਸ੍ਰੀ ਮੁਖ ਵਾਕਾਂ ਦਾ ਵਿਸਥਾਰ ਪੂਰਬਕ ਉਤਾਰਾ ਕੀਤਾ ਜਾਵੇ। ਯਥਾ :

ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ ॥
ਚੌਪਈ–ਜਬ ਪਹਿਲੇ ਹਮ ਸ੍ਰਿਸਟਿ ਬਨਾਈ ॥
ਦਈਤ ਰਚੇ ਦੁਸਟ ਦੁਖਦਾਈ ॥
ਤੇ ਭੁਜ ਬਲ ਬਵਰੇ ਹ੍ਵੈ ਗਏ ॥
ਪੂਜਤ ਪਰਮ ਪੁਰਖ ਰਹਿ ਗਏ ॥੬॥
ਤ ਹਮ ਤਮਕਿ ਤਨਕ ਮੋ ਖਾਪੇ ॥
ਤਿਨ ਕੀ ਠਉਰ ਦੇਵਤਾ ਥਾਪੇ ॥
ਤੇ ਭੀ ਬਲ ਪੂਜਾ ਉਰਝਾਏ ॥
ਆਪਨ ਹੀ ਪਰਮੇਸਰ ਕਹਾਏ ॥੭॥
ਮਹਾਦੇਵ ਅਚੁਤ ਕਹਵਾਯੋ ॥
ਬਿਸਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥
ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ॥੮॥
ਤਬ ਸਾਖੀ ਪ੍ਰਭ ਅਸਟ ਬਨਾਏ ॥
ਸਾਖ ਨਮਿਤ ਦੇਬੇ ਠਹਿਰਾਏ ॥
ਤੇ ਕਹੈ ਕਰੋ ਹਮਾਰੀ ਪੂਜਾ ॥
ਹਮ ਬਿਨ ਅਵਰੁ ਨ ਠਾਕੁਰੁ ਦੂਜਾ ॥੯॥
ਪਰਮ ਤੱਤ ਕੋ ਜਿਨ ਨਾ ਪਛਾਨਾ ॥



www.AKJ.Org

ਤਿਨ ਕਰਿ ਈਸਰ ਤਿਨ ਕਹੁ ਮਾਨਾ ॥
ਕੇਤੇ ਸੂਰ ਚੰਦ ਕਹੁ ਮਾਨੈ ॥
ਅਗਨਿ ਹੋਤ੍ਰ ਕਈ ਪਵਨ ਪ੍ਰਮਾਨੈ ॥੧੦॥
ਕਿਨਹੂੰ ਪ੍ਰਭੁ ਪਾਹਨ ਪਹਿਚਾਨਾ ॥
ਨਾਤ ਕਿਤੇ ਜਲ ਕਰ ਬਿਧਾਨਾ ॥
ਕੇਤਕ ਕਰਮ ਕਰਤ ਡਰਪਾਨਾ ॥
ਧਰਮਰਾਜ ਕੋ ਧਰਮ ਪਛਾਨਾ ॥੧੧॥
ਜੇ ਪ੍ਰਭ ਸਾਖ ਨਮਿਤ ਠਹਰਾਏ ॥
ਤੇ ਹਿਆਂ ਆਇ ਪ੍ਰਭੂ ਕਹਵਾਏ ॥
ਤਾ ਕੀ ਬਾਤ ਬਿਸਰ ਜਾਤੀ ਭੀ ॥
ਅਪਨੀ ਅਪਨੀ ਪਰਤ ਸੋਭ ਭੀ ॥੧੨॥
ਜਬ ਪ੍ਰਭ ਕੋ ਨ ਤਿਨੈ ਪਹਿਚਾਨਾ ॥
ਤਬ ਹਰਿ ਇਨ ਮਨੁਛਨ ਠਹਿਰਾਨਾ ॥
ਤੇ ਭੀ ਬਸਿ ਮਮਤਾ ਹੁਇ ਗਏ ॥
ਪਰਮੇਸਰ ਪਾਹਨ ਠਹਰਏ ॥੧੩॥
ਤਬ ਹਰਿ ਸਿੱਧ ਸਾਧ ਠਹਿਰਾਏ ॥
ਤਿਨ ਭੀ ਪਰਮ ਪੁਰਖ ਨਹੀ ਪਾਏ ॥
ਜੋ ਕੋਈ ਹੋਤ ਭਯੋ ਜਗਿ ਸਿਆਨਾ ॥
ਤਿਨ ਤਿਨ ਅਪਨੋ ਪੰਥੁ ਚਲਾਨਾ ॥੧੪॥
ਪਰਮ ਪੁਰਖ ਕਿਨਹੂ ਨਹ ਪਾਯੋ ॥
ਬੈਰ ਬਾਦ ਅਹੰਕਾਰ ਬਢਾਯੋ ॥
ਪੇਡ ਪਾਤ ਆਪਨ ਤੇ ਜਲੈ ॥
ਪ੍ਰਭ ਕੈ ਪੰਥ ਨ ਕੋਊ ਚਲੈ ॥੧੫॥
ਜਿਨਿ ਜਿਨਿ ਤਨਕਿ ਸਿੱਧ ਕੋ ਪਾਯੋ ॥
ਤਿਨ ਤਿਨ ਅਪਨਾ ਰਾਹੁ ਚਲਾਯੋ ॥
ਪਰਮੇਸਰ ਨ ਕਿਨਹੂੰ ਪਹਿਚਾਨਾ ॥
ਮਮ ਉਚਾਰ ਤੇ ਭਯੋ ਦਿਵਾਨਾ ॥੧੬॥
ਪਰਮ ਤੱਤ ਕਿਨਹੂ ਨ ਪਛਾਨਾ ॥
ਆਪ ਆਪ ਭੀਤਰਿ ਉਰਝਾਨਾ ॥
ਤਬ ਜੇ ਜੇ ਰਿਖਰਾਜ ਬਨਾਏ ॥
ਤਿਨ ਆਪਨ ਪੁਨ ਸਿੰਮ੍ਰਿਤਿ ਚਲਾਏ ॥੧੭॥
ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥
ਤਿਨਿ ਤਿਨਿ ਕ੍ਰਿਆ ਬ੍ਰਹਮ ਕੀ ਤਿਆਗੀ ॥
ਜਿਨ ਮਨ ਹਰਿ ਚਰਨਨ ਠਹਰਾਯੋ ॥
ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥੧੮॥

ਬ੍ਰਹਮਾ ਚਾਰ ਹੀ ਬੇਦ ਬਨਾਏ ॥
ਸਰਬ ਲੋਕ ਤਿਹ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥
ਤੇ ਬੇਦਨ ਤੇ ਭਏ ਤਿਆਗੀ ॥੧੯॥
ਜਿਨ ਮਤ ਬੇਦ ਕਤੇਬਨ ਤਿਆਗੀ ॥
ਪਾਰਬ੍ਰਹਮ ਕੇ ਭਏ ਅਨੁਰਾਗੀ ॥
ਤਿਨ ਕੇ ਗੂੜ ਮੱਤ ਜੇ ਚਲਹੀ ॥
ਭਾਂਤਿ ਅਨੇਕ ਦੂਖਨ ਸੋ ਦਲ ਹੀ ॥੨੦॥...
ਤਬ ਹਰਿ ਬਹੁਰ ਦੱਤ ਉਪਜਾਇਓ ॥
ਤਿਨ ਭੀ ਅਪਨਾ ਪੰਥੁ ਚਲਾਇਓ ॥
ਕਰ ਮੋ ਨਖ ਸਿਰ ਜਟਾ ਸਵਾਰੀ ॥
ਪ੍ਰਭ ਕੀ ਕ੍ਰਿਆ ਕਛੂ ਨ ਬਿਚਾਰੀ ॥੨੩॥
ਪੁਨਿ ਹਰਿ ਗੋਰਖ ਕੋ ਉਪਰਾਜਾ ॥
ਸਿੱਖ ਕਰੇ ਤਿਨਹੂ ਬਡ ਰਾਜਾ ॥
ਸ੍ਰਵਨ ਫਾਰਿ ਮੁਦ੍ਰਾ ਦੁਐ ਡਾਰੀ ॥
ਹਰਿ ਕੀ ਪ੍ਰੀਤਿ ਰੀਤਿ ਨ ਬਿਚਾਰੀ ॥੨੪॥
ਪੁਨਿ ਹਰਿ ਰਾਮਾਨੰਦ ਕੋ ਕਰਾ ॥
ਭੇਸ ਬੈਰਾਗੀ ਕੋ ਜਿਨ ਧਰਾ ॥
ਕੰਠੀ ਕੰਠਿ ਕਾਠ ਕੀ ਡਾਰੀ ॥
ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ ॥੨੫॥
ਜੇ ਪ੍ਰਭੁ ਪਰਮ ਪੁਰਖ ਉਪਜਾਏ ॥
ਤਿਨ ਤਿਨ ਅਪਨੇ ਰਾਹ ਚਲਾਏ ॥
ਮਹਾਂ ਦੀਨ ਤਬ ਪ੍ਰਭ ਉਪਰਾਜਾ ॥
ਅਰਬ ਦੇਸ ਕੋ ਕੀਨੋ ਰਾਜਾ ॥੨੬॥
ਤਿਨ ਭੀ ਏਕ ਪੰਥ ਉਪਰਾਜਾ ॥
ਲਿੰਗ ਬਿਨਾ ਕੀਨੇ ਸਭ ਰਾਜਾ ॥
ਸਭ ਤੇ ਅਪਨਾ ਨਾਮੁ ਜਪਾਯੋ ॥
ਸਤਿਨਾਮੁ ਕਾਹੂੰ ਨ ਦ੍ਰਿੜਾਯੋ ॥੨੭॥
ਸਭ ਅਪਨੀ ਅਪਨੀ ਉਰਝਾਨਾ ॥
ਪਾਰਬ੍ਰਹਮ ਕਾਹੂ ਨ ਪਛਾਨਾ ॥
ਤਪ ਸਾਧਤ ਹਰਿ ਮੋਹਿ ਬੁਲਾਯੋ ॥
ਇਮ ਕਹਿ ਕੈ ਇਹ ਲੋਕ ਪਠਾਯੋ ॥੨੮॥

ਅਕਾਲ ਪੁਰਖ ਬਾਚ ॥ ਚੌਪਈ ॥

ਮੈ ਅਪਨਾ ਸੁਤ ਤੋਹਿ ਨਿਵਾਜਾ ॥
ਪੰਥੁ ਪ੍ਰਚੁਰ ਕਰਬੇ ਕਹੁ ਸਾਜਾ ॥



www.AKJ.Org

ਜਾਹਿ ਤਹਾਂ ਤੈ ਧਰਮੁ ਚਲਾਇ ॥
ਕਬੁਧਿ ਕਰਨ ਤੇ ਲੋਕ ਹਟਾਇ ॥੨੯॥...
ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥
ਜੇ ਜੇ ਭਏ ਪਹਿਲ ਅਵਤਾਰਾ ॥
ਆਪੁ ਆਪੁ ਤਿਨ ਜਾਪੁ ਉਚਾਰਾ ॥
ਪ੍ਰਭ ਦੋਖੀ ਕੋਈ ਨ ਬਿਦਾਰਾ ॥
ਧਰਮ ਕਰਨ ਕੋ ਰਾਹੁ ਨ ਡਾਰਾ ॥੪੪॥
ਜੇ ਜੇ ਗਉਸ ਅੰਬੀਆ ਭਏ ॥
ਮੈ ਮੈ ਕਰਤ ਜਗਤ ਤੇ ਗਏ ॥
ਮਹਾਪੁਰਖ ਕਾਹੂ ਨ ਪਛਾਨਾ ॥
ਕਰਮ ਧਰਮ ਕੋ ਕਛੂ ਨ ਜਾਨਾ ॥੪੫॥...

ਦੋਹਰਾ ॥ ਕੋਈ ਪੜ੍ਹਤ ਕੁਰਾਨ ਕੋ ਕੋਈ ਪੜ੍ਹਤ ਪੁਰਾਨ ॥
ਕਾਲ ਨ ਸਕਤ ਬਚਾਇ ਕੈ
ਫੋਕਟ ਧਰਮ ਨਿਦਾਨ ॥੪੭॥

ਚੌਪਈ ॥ ਕਈ ਕੋਟਿ ਮਿਲਿ ਪੜ੍ਹਤ ਕੁਰਾਨਾ ॥
ਬਾਚਤ ਕਿਤੇ ਪੁਰਾਨ ਅਜਾਨਾ ॥
ਅੰਤ ਕਾਲ ਕੋਈ ਕਾਮ ਨਾ ਆਵਾ ॥
ਦਾਵ ਕਾਲ ਕਾਹੂ ਨ ਬਚਾਵਾ ॥੪੮॥
ਕਿਉ ਨ ਜਪੋ ਤਾ ਕੋ ਤੁਮ ਭਾਈ ॥
ਅੰਤ ਕਾਲ ਜੋ ਹੋਇ ਸਹਾਈ ॥
ਫੋਕਟ ਧਰਮ ਲਖੋ ਕਰ ਭਰਮਾ ॥
ਇਨ ਤੇ ਸਰਤ ਨ ਕੋਈ ਕਰਮਾ ॥੪੯॥...
ਬੇਦ ਕਤੇਬ ਬਿਖੈ ਹਰਿ ਨਾਹੀਂ ॥
ਜਾਨ ਲੇਹੁ ਹਰਿ ਜਨ ਮਨ ਮਾਹੀਂ ॥੬੧॥

ਇਹਨਾਂ ਸ੍ਰੀ ਮੁਖਵਾਕ ਸ੍ਰੀ ਦਸਮੇਸ਼ ਬਚਨਾਂ ਤੋਂ ਸਾਫ਼ ਸਿਧ ਹੈ ਕਿ ਖਾਲਸਾ ਧਰਮ ਸਰਬ ਧਰਮਾਂ ਤੋਂ ਸ੍ਰੇਸ਼ਟ ਹੈ। ਸਰਬ ਪ੍ਰਾਨੀ ਮਾਤਰ ਨੂੰ ਕਲਿਆਣ-ਕਾਰਕ ਧਰਮ ਖਾਲਸਾ ਇਕੋ ਧਰਮ ਹੈ। ਆਨਮਤ ਧਰਮ ਸਭ ਫੋਕਟ ਧਰਮ ਹਨ। ਖਾਲਸਾ ਧਰਮ ਦੇ ਤੁਲ ਨਹੀਂ ਪੁਜ ਸਕਦੇ। ਸ੍ਰੀ ਮੁਖ ਵਾਕਾਂ ਦੇ ਉਲਟੇ ਪੁਲਟੇ ਅਰਥ ਦੇ ਕੇ ਲੋਕਾਂ ਨੂੰ ਭਰਮਾਉਣ ਵਾਲੇ ਪੁਰਸ਼ ਟਪਲਾ-ਬਾਜ਼ ਹਨ। ਸੋ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲਾ ਸ੍ਰੀ ਦਸਮੇਸ਼ ਵਾਕ ਸਿਰਫ਼ ਏਸ ਪ੍ਰਥਾਇ ਉਚਾਰਨ ਹੋਇਆ ਹੈ ਕਿ ਸੰਸਾਰ ਦੇ ਪ੍ਰਾਣੀ ਮਾਤਰ ਸਭ ਇਕਸਾਰ ਹਨ ਅਤੇ ਸਭੇ ਹੀ ਖਾਲਸਾ ਸਜਣ ਦੇ ਹੱਕਦਾਰ ਹਨ। ਕਿਸੇ ਦਾ ਹੱਕ ਵਿਸ਼ੇਸ਼ ਨਹੀਂ ਕਿਸੇ ਦਾ ਘਟ ਨਹੀਂ, ਕੋਈ ਛੂਤ ਅਛੂਤ ਹੋਣ ਕਰਕੇ ਗੁਰਮਤਿ ਸੁਮਾਰਗ ਦਾ ਅਪਾਤਰ ਕੁਪਾਤਰ ਨਹੀਂ। ਜਨਮ ਜਾਤੀ ਦੇ ਕਰਮ ਭੇਦ ਦੇ ਜਨਮ ਕੁਫ਼ੇਰ ਵਿਚ ਪੈ ਕੇ ਕਿਸੇ ਪ੍ਰਾਣੀ ਨੂੰ ਗੁਰਮਤਿ ਧਰਮ ਧਾਰਨ ਦਾ ਕੁਪਾਤਰ ਦਸਣਾ ਮਹਾਂ ਅਗਿਆਨ ਹੈ। ਪਰੰਤੂ ਇਹ ਭੀ ਦੱਸਣਾ ਮਹਾਂ ਅਗਿਆਨ ਹੈ ਕਿ ਕੁਦਰਤੋਂ ਉਪੰਨੇ ਕਿਰਤ ਕਰਮ ਕਰਿ ਜਾਤ ਜਨੰਮੇ ਸਭੇ ਜੀਵ ਸਭੇ ਹੀ ਉਧਰੇ ਹੋਏ ਹਨ। ਉਹਨਾਂ ਦੇ ਉਧਾਰਨ ਦੀ ਲੋੜ ਨਹੀਂ, ਅਥਵਾ, ਉਹਨਾਂ ਨੂੰ ਉਧਾਰਨ ਉਭਾਰਨ ਦਾ ਸੰਕਲਪੀ ਯਤਨ ਕਰਨਾ ਉਹਨਾਂ ਨੂੰ ਨੀਚਾ ਦੇਖਣਾ ਹੈ, ਅਥਵਾ, ਐਸਾ ਕਰਨਾ ਓਹਨਾਂ ਤੇ ਘ੍ਰਿਣਾ ਕਰਨਾ ਹੈ। ਬਲਕਿ ਐਸੇ ਵਾਕਾਂ ਦਾ ਸਿਧਾਂਤ ਇਹੋ ਹੀ ਹੈ ਕਿ ਕਿਸੇ ਪ੍ਰਾਣੀ ਮਾਤਰ ਤੋਂ ਖਾਸ ਜਾਤ ਕੁਜਾਤ ਵਿਚ ਜਨਮ ਲੈਣ ਕਰਿ ਘਿਰਣਤ ਮਤ ਹੋਵੇ, ਉਸਨੂੰ ਖਾਲਸਾ ਧਰਮ ਦੇ ਦਾਇਰੇ ਵਿਚ ਲੈਣੋਂ ਮਤ ਸੰਕੋਚੋ। ਗੁਰਮਤਿ ਦਾ ਦਰ ਪ੍ਰਾਣੀ ਮਾਤਰ ਲਈ ਖੁਲ੍ਹਾ ਹੈ। ਜਾਤ ਕਰਕੇ ਬੁਰੇ ਭਲੇ ਹੋਣ ਦਾ ਵਿਚਾਰ ਸਭੁ ਭਰਮ ਅਗਿਆਨ ਹੈ। ਇਸੇ ਵਿਸ਼ੇ ਦੀ ਪ੍ਰੋੜ੍ਹਤਾ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪ੍ਰਕਾਰ ਦੇ ਵਾਕ ਹਨ। ਯਥਾ :

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ ॥ ੧ ॥
ਲੋਗਾ ਭਰਮ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ
ਪੂਰਿ ਰਹਿਓ ਸ੍ਰਬ ਠਾਂਈ ॥ ਰਹਾਉ ॥
ਮਾਟੀ ਏਕ ਅਨੇਕ ਭਾਂਤ ਕਰਿ
ਸਾਜੀ ਸਾਜਨਹਾਰੈ ॥


www.AKJ.Org

ਨ ਕਛੁ ਪੋਚ ਮਾਟੀ ਕੈ ਭਾਂਡੇ
ਨ ਕਛੁ ਪੋਚ ਕੁੰਭਾਰੈ ॥੨॥
ਸਭ ਮਹਿ ਸਚਾ ਏਕੋ ਸੋਈ
ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ
ਬੰਦਾ ਕਹੀਐ ਸੋਈ ॥ ੩ ॥
ਅਲਹੁ ਅਲਖੁ ਨ ਜਾਈ ਲਖਿਆ
ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ
ਸਰਬ ਨਿਰੰਜਨੁ ਡੀਠਾ ॥ ੪ ॥

(ਵਿਭਾਸ ਪ੍ਰਭਾਤੀ ਕਬੀਰ ਜੀ, ਪੰਨਾ ੧੩੪੯)

ਜਨਮ ਜਾਤ ਦੇ ਲਿਹਾਜ਼ ਨਾਲਿ ਖਾਲਸਾ ਜੀ ਦੀ ਦ੍ਰਿਸ਼ਟੀ ਗੋਚਰ ਮਨੁੱਖਾਂ (ਪ੍ਰਾਣੀਆਂ) ਦੀ ਉਚ ਨੀਚਤਾ ਦਾ ਭੇਦੁ ਨਹੀਂ।

ਖਾਲਸਾ ਧਰਮ ਗ੍ਰਹਿਣ ਕਰਨ ਦੇ ਅਧਿਕਾਰੀ–

ਖਾਲਸਾ ਧਰਮ ਵਿਚ ਆਉਣ ਦੇ ਸਭ ਇਕਸਾਰ ਹੀ ਅਤੇ ਇਕ-ਸਮਾਨ ਹੀ ਅਧਿਕਾਰੀ ਹਨ। ਇਸ ਅਧਿਕਾਰ ਦੀ ਪ੍ਰੀਖਿਆ ਉਹਨਾਂ ਦੀ ਅੰਤ੍ਰੀਵੀ ਯੋਗਤਾ (ਕਾਬਲੀਅਤ) ਅੰਦਰ ਹੈ। ਜਿਸ ਭੀ ਪ੍ਰਾਣੀ ਨੂੰ 'ਪ੍ਰੇਮ ਖੇਲਣ ਦਾ ਚਾਉ' ਹੋਵੇ ਸੋ ਨਿਸੰਗ 'ਸਿਰ ਧਰ ਤਲੀ' ਗੁਰ-ਗਲੀ ਵਿਚ ਆਵੇ। ਇਸ ਗੁਰ ਗਲੀ ਗੁਰਮਤਿ ਮਾਰਗ ਵਿਚ ਆਉਣ ਵਾਲੇ ਪ੍ਰਾਣੀ ਮਾਤਰ ਨੂੰ ਗੁਰੂ ਸਾਹਿਬ ਅਤੇ ਗੁਰੂ ਰੂਪ ਪੰਥ ਗੁਰੂ ਖਾਲਸਾ ਜੀ ਇਹ ਹੋਕਾ ਦੇ ਕੇ ਜਫੀ ਵਿਚ ਲੈਣ ਲਈ ਤਿਆਰ ਹਨ :

ਪਹਿਲਾ ਮਰਣੁ ਕਬੂਲਿ
ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ
ਤਉ ਆਉ ਹਮਾਰੈ ਪਾਸ ॥

(ਮਾਰੂ ਵਾਰ ਮ: ੫, ਡਖਣੇ, ਪੰਨਾ ੧੧੦੨)

ਜੋ 'ਸਭਨਾ ਕੀ ਰੇਣੁਕਾ' ਹੋਵਣ ਦੇ ਪੂਰਨੇ ਪਾਵੇਗਾ, ਓਹੀ ਕੇਵਲ ਓਹੀ ਖਾਲਸਾ ਧਰਮ ਧਾਰਨ ਕਰਨ ਦਾ ਅਤੇ ਖਾਲਸਾ ਸਦਾਵਣ ਦਾ ਅਧਿਕਾਰੀ ਹੋਵੇਗਾ। ਸਭਨਾਂ ਦੀ, ਸਭ ਪ੍ਰਾਣੀਆਂ ਦੀ, ਪ੍ਰਾਣੀ ਮਾਤਰ ਦੀ ਰੇਣਕਾ ਹੋ ਰਹਿਣਾ ਜਿਸਦੇ ਖ਼ਾਲਸ ਜੀਵਨ ਦੇ ਪੂਰਨਿਆਂ ਦਾ ਇਕ ਉਤਮ ਅੰਸ ਹੈ, ਓਸ ਦੇ ਨਿਕਟ ਕਿਸੇ ਪ੍ਰਾਣੀ ਤੋਂ ਘ੍ਰਿਣਾ ਕਰਨਾ ਯਾ ਕਿਸੇ ਨੂੰ ਅਛੂਤ ਜਾਤੀ ਵਿਚ ਜਨਮਿਆ ਜਾਣ ਕੇ ਹਕੀਰ ਸਮਝਣਾ ਭਲਾ ਕਦੇ ਸੰਭਵ ਹੋ ਸਕਦਾ ਹੈ।

['ਗੁਰਮਤਿ ਬਿਬੇਕ' ਵਿਚੋਂ

# ਆਗੈ ਆਵਤ ਸਿੰਘ ਜੁ ਪਾਵੈ

ਅੰਮ੍ਰਿਤਧਾਰੀ ਸਿੰਘ ਦੇ ਸਨਮੁਖ ਹੋ ਕੇ ਸਿੰਘ ਨੇ ਫ਼ਤਹ ਗਜਾਈ। ਗੁਰਮੁਖਾਂ ਨੇ ਬੜੀ ਹੈਰਾਨੀ ਸਹਿਤ ਫਤਹ ਪ੍ਰਵਾਨ ਕੀਤੀ ਅਤੇ ਪੁੱਛ ਕੀਤੀ, "ਭਾਈ ਸਾਹਿਬ, ਮੈਂ ਆਪ ਜੀ ਨੂੰ ਕਿਥੇ ਮਿਲਿਆ ਹਾਂ, ਕੁਝ ਯਾਦ ਨਹੀਂ ਆ ਰਿਹਾ, ਮੈਂ ਤੁਹਾਨੂੰ ਪਹਿਚਾਨਿਆ ਨਹੀਂ।" ਸਿੰਘ ਨੇ ਬੜੀ ਨਿਮਰਤਾ ਸਹਿਤ ਕਿਹਾ, "ਗੁਰਮੁਖੋ, ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖਾਲਸਾ ਸਾਜਿਆ ਸੀ, ਮੈਂ ਉਸ ਦਿਨ ਤੋਂ ਆਪ ਜੀ ਨੂੰ ਜਾਣਦਾ ਹਾਂ।" ਇੰਨੇ ਬਚਨ ਕਹਿ ਕੇ ਸਿੰਘ ਜੀ 'ਵਾਹਿਗੁਰੂ' 'ਵਾਹਿਗੁਰੂ' ਕਰਦੇ ਆਪਣੇ ਰਸਤੇ ਪੈ ਗਏ। ਉਹ ਗੁਰਮੁਖ ਵੀਰ ਦੂਰ ਤਕ ਉਨ੍ਹਾਂ ਸਿੰਘਾਂ ਨੂੰ ਤਕਦੇ ਰਹੇ, ਅਤੇ ਮਨ ਹੀ ਮਨ ਵਿਚ ਆਪਣੀ ਭੁਲ ਵਿਚਾਰਦੇ ਰਹੇ, ਅਤੇ ਅਗੇ ਤੋਂ ਇਹ ਭੁਲ ਨਹੀਂ ਕਰਾਂਗੇ, ਇਹ ਮਨ ਵਿਚ ਪ੍ਰਣ ਕਰ ਲਿਆ। ਗੁਰੂ ਕਾ ਹੁਕਮ ਹੈ–

ਆਗੇ ਆਵਤ ਸਿੰਘ ਜੁ ਪਾਵੈ ॥ ਵਾਹਿਗੁਰੂ ਕੀ ਫਤਹ ਬੁਲਾਵੈ ॥ (ਭਾ: ਦੇਸਾ ਸਿੰਘ ਜੀ)

ਸੋ ਅਸਾਂ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ ਅਤੇ ਗਜ ਕੇ ਹਰ ਗੁਰਸਿਖ ਨੂੰ ਅੱਗੇ ਹੋ ਕੇ ਫ਼ਤਹ ਬੁਲਾਉਣੀ ਹੈ– ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ॥

(ਭਾਈ ਜਸਬੀਰ ਸਿੰਘ, ਊਧਮ ਪੁਰ)



www.AKJ.Org

# ਸਹੀ ਤੇ ਸੁਖਦਾਈ ਸਾਂਝੀਵਾਲਤਾ

[ ਪ੍ਰਿੰਸੀਪਲ ਹਰਿਭਜਨ ਸਿੰਘ ਜੀ ]

ਨਿਰੰਕਾਰੀ ਬਾਬੇ ਦੀ ਜੋਤਿ ਨੇ, ਵੱਖ-ਵੱਖ ਸਰੀਰਕ ਰੂਪਾਂ ਤੇ ਰੰਗਾਂ ਵਿਚ ੨੩੯ ਸਾਲ ਤੇ ੯ ਮਹੀਨੇ ਤੱਕ ਸਮਸਤ ਸੰਸਾਰ ਨੂੰ ਇਕ-ਓਅੰਕਾਰੀ-ਏਕਤਾ ਉਤੇ ਅਧਾਰਤ ਸਹੀ ਤੇ ਸੁਖਦਾਈ ਸਾਂਝੀਵਾਲਤਾ ਵਲ ਵਧਣ ਤੇ ਆਨੰਦਤ ਹੋਣ ਲਈ ਜੋ ਮੀਲ-ਪੱਥਰ ਗੱਡੇ, ਉਹਨਾਂ ਦਾ ਸੰਖੇਪ ਜਿਹਾ ਬਿਉਰਾ, ਮਾਨਵ ਅਗਵਾਈ ਹਿਤ, ਇਉਂ ਦਿੱਤਾ ਜਾ ਸਕਦਾ ਹੈ :

੧. ਸਾਂਝਾ ਰੱਬ : ਰੱਬ ਸਭ ਦਾ ਕਰਤਾ, ਹਰਤਾ ਤੇ ਪਾਲਕ ਹੋਣ ਦੇ ਨਾਤੇ ਸਭ ਦਾ ਸਾਂਝਾ ਹੈ। ਗੁਰਬਾਣੀ, ਉਸ ਇੱਕੋ ਖ਼ਾਲਿਕ ਦੇ ਨੂਰ ਤੋਂ ਸਭ ਦਾ ਜ਼ਹੂਰ ਹੋਣ ਦੀ ਪੀਢੀ ਤੇ ਅਤੁੱਟ ਸਾਂਝ ਨੂੰ ਇਉਂ ਬਿਆਨ ਕਰਦੀ ਹੈ :–

ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ ॥੧॥
ਲੋਗਾ, ਭਰਮਿ ਨ ਭੂਲਹੁ ਭਾਈ ॥
ਖਾਲਕੁ ਖਲਕ, ਖਲਕ ਮਹਿ ਖਾਲਕੁ, ਪੂਰਿ ਰਹਿਓ ਸ੍ਰਬ ਠਾਂਈ ॥ (ਪੰਨਾ ੧੩੪੯-੫੦)

ਰੱਬ ਦੇ ਦਰਬਾਰ ਵਿਚ ਸਭ ਸਮਾਨ ਹਨ ਅਤੇ ਹਰੇਕ ਦਾ ਨਿਬੇੜਾ ਕੇਵਲ ਅਮਲਾਂ ਉਤੇ ਹੋਣਾ ਹੈ। ਓਥੇ ਜਾਤ ਜਨਮ ਤੇ ਕੁਲ ਦੀ ਕੋਈ ਪੁਛ ਪ੍ਰਤੀਤ ਨਹੀਂ। ਗੁਰਦੇਵ ਕੂਕ ਰਹੇ ਹਨ :

ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥੨॥੧੧॥ (ਮ: ੧, ਪੰ: ੯੫੨)

੨. ਸਾਂਝਾ ਗੁਰੂ : ਜਦ ਗੁਰੂ ਨਾਨਕ ਦੇਵ ਜੀ ਦਾ ਪਿਆਰਾ ਰੱਬ, ਖਸਮ, ਜਿੰਦ-ਜਾਨ ਤੇ ਮਾਲਿਕ ਸਭ ਦਾ ਸਾਂਝਾ ਹੈ ਤਾਂ ਉਸ ਦਾ ਬੇ-ਖ਼ਰੀਦ ਬੰਦਾ, ਲਾਲਾ ਗੋਲਾ ਤੇ ਢਾਡੀ ਨਾਨਕ, ਸਭ ਲੋਕਾਈ ਦਾ ਆਪਣਾ ਤੇ ਸਾਂਝਾ ਕਿਉਂ ਨਾ ਹੋਵੇ ? ਗੁਰੂ ਜੀ ਦਾ ਆਪਣਾ ਅਮਰ ਕਥਨ ਹੈ ਕਿ ਸੱਚਾ ਗੁਰੂ ਹੈ ਹੀ ਉਹ, ਜੋ ਸਭ ਨੂੰ ਇਕ ਨੁਕਤੇ ਉੱਤੇ ਕੇਂਦਰਤ ਕਰਦਾ ਤੇ ਮੇਲਦਾ ਹੈ, ਜੋੜਦਾ ਹੈ; ਨਾ ਕਿ ਤੋੜਦਾ ਤੇ ਆਪਸੀ ਨਫ਼ਰਤ ਪੈਦਾ ਕਰਦਾ ਹੈ। ਫੁਰਮਾਨ ਹੈ :

ਨਾਨਕ, ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇਆ ਜੀਉ ॥੧੦॥(ਸਿਰੀਰਾਗੁ ਮ:੧-੭੨)
ਤਥਾ– ਸੋ ਗੁਰੁ ਕਰਉ, ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ,ਸਬਦਿ ਮਿਲਾਵੈ॥੨॥(ਧਨਾਸਰੀ ਮ: ੧-੬੮੬)

੩. ਸਾਂਝਾ ਧਰਮ ਗ੍ਰੰਥ : ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪਹਿਲੇ ਸਰਬ-ਪੱਖੀ ਜੀਵਨ-ਅਗਵਾਈ ਦੇ ਸਾਂਝੇ ਗ੍ਰੰਥ ਹਨ, ਜਿਸ ਵਿਚ ਨਾ ਕੇਵਲ ਗੁਰੂ ਸਾਹਿਬਾਨ ਦੀ ਆਪਣੀ ਸਰਬ-ਕਾਲੀ ਤੇ ਸਰਬ-ਦੇਸ਼ੀ, ਅਨੁਭਵੀ ਬਾਣੀ ਹੀ ਅੰਕਿਤ ਹੈ, ਸਗੋਂ ਪੰਜਾਂ ਸਦੀਆਂ ਵਿਚ ਵਿਚਰੇ ਤੀਹਾਂ ਭਗਤਾਂ, ਭੱਟਾਂ ਤੇ ਮੁਸਲਮਾਨ ਸੂਫ਼ੀ ਫ਼ਕੀਰਾਂ ਦੀ ਪਾਵਨ ਬਾਣੀ ਵੀ ਸਮਾਨ ਸੁਭਾਇਮਾਨ ਹੈ। ਇਹਨਾਂ ਵਿਚੋਂ ਸਮਾਜ ਤੋਂ ਛੇਕੇ ਹੋਏ ਕੁਝ ਕੁ ਉਹਨਾਂ ਅਖੌਤੀ ਅਛੂਤ ਤੇ ਸ਼ੂਦਰ ਜਾਤੀਆਂ ਨਾਲ ਸੰਬੰਧਤ ਹਨ, ਜਿਨ੍ਹਾਂ ਦੇ ਸੰਗੀ ਸਾਥੀ ਹੋਣ ਵਿਚ ਸਤਿਗੁਰੂ ਜੀ ਮਾਣ ਮਹਿਸੂਸ ਕਰਦੇ ਹਨ। ਆਪ ਜੀ ਦਾ ਰੱਬੀ ਤੇ ਦ੍ਰਿੜਤਾ-ਭਰਪੂਰ ਨਾਅਰਾ ਹੈ :–

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ ॥੪॥੩॥ (ਸਿਰੀਰਾਗੁ ਮ: ੧, ਪੰਨਾ ੧੫)

ਪੰਜਾਂ ਸਦੀਆਂ ਦੇ ਸੁਗਿਆਨ ਦਾ ਇਹ ਖ਼ਜ਼ਾਨਾ, ਸਦੀਵੀ ਸਚਾਈਆਂ (Universal Truths) ਦੀ ਗੱਲ ਕਰਦਾ ਹੈ। ਇਹ ਭਾਵਕ-ਏਕਤਾ (Emotional Integration) ਤੇ ਸਹਿਵਾਸ (Co-existence) ਦੀ ਵੀ ਬੇਹਤਰੀਨ ਮਿਸਾਲ ਤੇ ਸਫ਼ਲ ਤਜਰਬਾ ਹੈ। ਭਾਵਕ-ਏਕਤਾ ਤੇ ਸਹਿਵਾਸ ਦਾ ਹੀ ਦੂਜਾ ਨਾਮ ਸਫ਼ਲ ਸਾਂਝੀਵਾਲਤਾ ਹੈ, ਜੋ ਸਰਵ-ਨਾਸ਼ ਦੇ ਦਹਾਨੇ ਉੱਤੇ ਖੜੇ ਸੰਸਾਰ ਨੂੰ ਬਚਾਅ ਸਕਦੀ ਹੈ।



www.AKJ.Org

੪. ਸਾਂਝਾ ਧਰਮ-ਮੰਦਰ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦੁੱਤੀ ਸੰਪਾਦਕ ਤੇ ਸੰਕਲਣ-ਕਰਤਾ, ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਅੱਜ ਤੋਂ ਚਾਰ ਸਦੀਆਂ ਪਹਿਲਾਂ, ਪ੍ਰਾਣੀ ਮਾਤਰ ਲਈ, ਚਹੁੰ ਦਰਵਾਜ਼ਿਆਂ ਵਾਲੇ ਹਰੀ-ਮੰਦਰ ਜੀ ਦੀ ਰਚਨਾ ਕਰਨੀ, ਅਤੇ ਉਸ ਦਾ ਨੀਂਹ-ਪੱਥਰ ਸੂਫ਼ੀ ਸੰਤ ਹਜ਼ਰਤ ਮੀਆਂ ਮੀਰ ਤੋਂ ਰਖਵਾਉਣਾ, ਸੰਸਾਰ ਦੇ ਧਾਰਮਿਕ ਵਿਸ਼ਵਾਸ ਵਿਚ ਇਕ ਹੋਰ ਮਹਾਨ ਇਨਕਲਾਬ ਸੀ। ਇਸ ਦੁਆਰਾ ਸਤਿਗੁਰਾਂ ਨੇ ਸਦੀਆਂ ਤੋਂ ਚਲੇ ਆ ਰਹੇ ਇਸ ਅੰਧ-ਵਿਸ਼ਵਾਸ ਦਾ ਭਰਪੂਰ ਖੰਡਨ ਕੀਤਾ ਕਿ ਰੱਬ ਕਿਸੇ ਵਿਸ਼ੇਸ਼ ਦਿਸ਼ਾ ਜਾਂ ਸਥਾਨ ਵਿਚ ਨਿਵਾਸ ਰਖਦਾ ਹੈ। ਇਉਂ ਕਰ ਕੇ ਉਹਨਾਂ ਦੱਸਿਆ ਕਿ ਰੱਬ ਸਭ ਦਾ ਸਾਂਝਾ ਤੇ ਸਰਬ-ਵਿਆਪਕ ਹੈ। ਸੰਸਾਰ ਵਿਚ ਹਿੰਦੂ, ਮੁਸਲਮਾਨ, ਈਸਾਈ, ਬੋਧੀ ਤੇ ਜੈਨੀ-ਮੱਠ, ਮੰਦਰ ਮਸਜਿਦ ਤਾਂ ਮਿਲਦੇ ਹਨ, ਪ੍ਰੰਤੂ ਉਥੇ ਹਕੀਕੀ ਤੇ ਵਿਆਪਕ ਸਾਂਝ ਕਿਤੇ ਨਹੀਂ ਲਭੇਗੀ। ਹਾਂ, ਜੇ ਧਰਤੀ ਉੱਤੇ ਸੱਚੀ-ਮੁੱਚੀ ਕੋਈ ਐਸਾ ਰੂਹਾਨੀ ਮੰਦਰ ਹੈ ਤਾਂ ਉਹ ਹੈ ਸ੍ਰੀ ਅੰਮ੍ਰਿਤਸਰ ਦਾ "ਹਰਿਮੰਦਰ", "ਦਰਬਾਰ ਸਾਹਿਬ", ਗੋਲਡਨ ਟੈਂਪਲ", ਅਥਵਾ ਇਸ ਦਾ ਅਕਸ, ਫੈਲਾਉ ਤੇ ਵਿਸਥਾਰ-ਹਰ ਸਿੱਖ-ਗੁਰਦੁਆਰਾ।

੫. ਸਾਂਝੀ ਸੰਗਤ ਤੇ ਪੰਗਤ : ਸੰਸਾਰ ਅਤੇ ਵਿਸ਼ੇਸ਼ ਕਰਕੇ ਰਿਸ਼ੀਆਂ ਮੁਨੀਆਂ ਦੀ ਪੁੰਨ-ਭੂਮੀ, ਭਾਰਤ ਵਿਚ ਮਨੁੱਖੀ ਸਮਾਨਤਾ ਦੀ ਪ੍ਰਤੀਕ, ਨਾ ਸੰਗਤ ਸਾਂਝੀ ਸੀ, ਤੇ ਨਾ ਹੀ ਪੰਗਤ। ਗੁਰੂ ਸਾਹਿਬਾਨ ਨੇ ਇਸ ਵਿਤਕਰੇ ਦਾ ਵੀ ਸਦਾ ਲਈ ਫਸਤਾ ਵੱਢ ਦਿੱਤਾ ਅਤੇ ਸਰਬ-ਸਾਂਝੀ ਸੰਗਤ ਤੇ ਪੰਗਤ ਦੀ ਕਲਿਆਣਕਾਰੀ ਮਰਯਾਦਾ ਤੋਰੀ। ਇਸ ਨਾਲ ਅਰਸ਼ਾਂ ਤੇ ਫ਼ਰਸ਼ਾਂ ਤੋਂ ਮਾਨਵੀ ਸਮਾਨਤਾ ਤੇ ਸਾਂਝ ਦੀ ਜੈ ਜੈ ਕਾਰ ਹੋਈ।

**੬. ਸਾਂਝਾ ਲੰਗਰ** : ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਸ੍ਰੀ ਕਰਤਾਰਪੁਰ (ਪਾਕਿਸਤਾਨ) ਵਿਖੇ, ਸਾਂਝੇ ਲੰਗਰ ਦੀ ਮਰਯਾਦਾ ਤੋਰੀ, ਜੋ ਚਲਦੀ ਚਲਦੀ ਸਿਖ-ਧਰਮ ਤੇ ਗੁਰਦੁਆਰੇ ਦਾ ਇਕ ਅਹਿਮ ਅੰਗ (Institution) ਬਣ ਗਈ ਅਤੇ ਹਰ ਸਿਖ ਦਾ ਘਰ ਧਰਮਸਾਲ ਵਿਚ ਤਬਦੀਲ ਹੋ ਗਿਆ। ਗੁਰੂ ਦੇ ਸਾਂਝੇ ਲੰਗਰ ਦੁਆਰਾ, ਨਾ ਕੇਵਲ ਪੰਗਤ ਦੀ ਸਾਂਝ ਤੇ ਸਮਾਨਤਾ ਹੀ ਕਾਇਮ ਹੋਈ, ਸਗੋਂ ਇਕੱਠੇ ਬੈਠ ਕੇ ਪ੍ਰਸ਼ਾਦਾ ਛਕਣ ਨਾਲ ਅਖੌਤੀ ਛੂਤ-ਛਾਤ ਦਾ ਵੀ ਪੂਰਨ ਅਭਾਵ ਹੋ ਗਿਆ। ਸ੍ਰੀ ਗੁਰੂ ਅਮਰਦਾਸ ਜੀ ਦਾ ਤਾਂ ਹੁਕਮ ਸੀ ਕਿ ਉਹਨਾਂ ਨੂੰ ਜੋ ਮਿਲਣਾ ਚਾਹੁੰਦਾ ਹੈ, ਉਹ ਪਹਿਲਾਂ 'ਗੁਰੂ ਕੇ ਲੰਗਰ' ਵਿਖੇ, ਪੰਗਤ ਵਿਚ ਬੈਠ ਕੇ, ਪ੍ਰਸ਼ਾਦ ਛਕੇ। ਏਥੋਂ ਤਕ, ਕਿ ਸ਼ਹਿਨਸ਼ਾਹ ਅਕਬਰ ਨੂੰ ਵੀ, ਜਦ ਉਹ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਸਾਹਿਬ ਹਾਜ਼ਰ ਹੋਇਆ ਤਾਂ ਛੋਟ ਨਾ ਮਿਲ ਸਕੀ। ਸਤਿਗੁਰਾਂ ਦੀ ਏਕਤੀ-ਉਪਜਾਊ ਸਾਂਝੀਵਾਲਤਾ ਦੇ ਸਤਿਕਾਰ ਵਿਚ ਮਹਾਨ ਅਕਬਰ ਨੇ ਸੰਗਤ ਨਾਲ, ਪੰਗਤ ਵਿਚ ਬੈਠ ਕੇ, "ਅੰਮ੍ਰਿਤਮਈ" ਗੁਰੂ ਕਾ ਲੰਗਰ ਛੱਕਿਆ ਤੇ ਨਿਹਾਲ ਹੋਇਆ।

੭. **ਸਾਂਝਾ ਅੰਮ੍ਰਿਤ** : ਖੰਡੇ ਦੀ ਪਾਹੁਲ ਵੀ ਸਭ ਲਈ, ਸਮਾਨ ਸਾਂਝੀ ਤੇ ਅਸੀਮ ਹੈ। ਪੰਜ ਪਿਆਰੇ, ਜੋ ੩੦ ਮਾਰਚ, ੧੬੯੯ ਈ: ਨੂੰ, ਵੈਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਇਤਿਹਾਸਕ ਠੇਰੀ (ਕੇਸਗੜ੍ਹ ਸਾਹਿਬ) ਦੇ ਦੀਵਾਨ ਵਿਚ ਸੀਸ ਭੇਟ ਕਰਨ ਲਈ ਨਿੱਤਰੇ, ਉਹਨਾਂ ਵਿਚੋਂ ਚਾਰ ਅਖੌਤੀ ਸ਼ੂਦਰ ਜਾਤੀਆਂ ਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਨਾ ਕੇਵਲ ਇਨਸਾਨ ਦੀ ਇਨਸਾਨ, ਜਾਂ ਸਿੱਖ ਦੀ ਸਿੱਖ ਨਾਲ ਬਰਾਬਰੀ ਤੇ ਸਾਂਝ ਹੋਣ ਉਤੇ ਹੀ ਜ਼ੋਰ ਦਿਤਾ, ਸਗੋਂ ਸਿਖ ਤੇ ਗੁਰੂ ਦੀ ਸਾਂਝ ਨੂੰ ਵੀ, ਦੂਵੱਲਿਓਂ ਪੀਡਿਆਂ ਕਰਨ ਹਿੱਤ, ਪੰਜਾਂ ਪਿਆਰਿਆਂ ਤੋਂ, ਆਪ ਵੀ "ਖੰਡੇ ਦੀ ਪਾਹੁਲ" ਪ੍ਰਾਪਤ ਕੀਤੀ। ਕਿੱਥੇ ਲੱਭਣਗੇ ਹੋਰਥੇ, ਏਕਤਾ, ਸਮੀਪਤਾ, ਸਮਾਨਤਾ ਤੇ ਸਾਂਝੀਵਾਲਤਾ ਦੇ ਇਹ ਦੈਵੀ ਦ੍ਰਿਸ਼।

**੮. ਸਾਂਝਾ ਰਾਜ** : ਜਦ ਸਿੱਖਾਂ ਪਾਸ ਰਾਜ ਭਾਗ ਆਇਆ ਤਾਂ ਉਸ ਨੂੰ ਭਾਵੇਂ ਕਿਹਾ ਤਾਂ ਸਿਖ-ਰਾਜ ਤੇ ਸਰਕਾਰ ਖ਼ਾਲਸਾ ਹੀ ਜਾਂਦਾ ਸੀ, ਪਰ ਉਹ ਸਹੀ ਅਰਥਾਂ ਵਿਚ ਪੰਜਾਬੀਆਂ ਦਾ 'ਸਾਂਝਾ ਰਾਜ' ਸੀ; ਨਿਆਂ ਦਾ ਰਾਜ।

**੯, ੧੦ ਤੇ ੧੧. ਸਾਂਝਾ ਜੈਕਾਰਾ, ਸਾਂਝੀ ਫ਼ਤਹ ਤੇ ਸਾਂਝੀ ਅਰਦਾਸ** : ਕਿੱਥੋਂ ਤੱਕ ਗਿਣੀਏ, ਖ਼ਾਲਸੇ ਦਾ ਤਾਂ ਤਨ ਮਨ ਤੇ ਧਨ, ਸਭ ਕੁਝ ਹੀ, ਸਭ ਲਈ ਹੈ। "ਸਤਿ ਸ੍ਰੀ ਅਕਾਲ" ਦੇ ਜੈਕਾਰੇ ਵਿਚ, "ਵਾਹਿਗੁਰੂ ਜੀ ਕੀ ਫ਼ਤਹ" ਵਿਚ ਤੇ "ਸਰਬੱਤ ਦਾ ਭਲਾ" ਮੰਗਣ ਵਾਲੀ ਅਰਦਾਸ ਵਿਚ ਦਸੋ, ਹੈ ਕਿਤੇ ਸੰਪ੍ਰਦਾਇਕਤਾ, ਸੰਕੀਰਣਤਾ



www.AKJ.Org

ਤੇ ਪੱਖ ਪਾਤ ਦਾ ਨਾਮ ਨਿਸ਼ਾਨ ? ਭਲਾ, ਕਿਸ ਨੂੰ ਇਤਰਾਜ਼ ਹੋ ਸਕਦਾ ਹੈ ਕਿ ਪ੍ਰਮਾਤਮਾ ਸੱਤਿ ਹੈ, ਸਭ ਤੋਂ ਵੱਡਾ ਹੈ ਅਤੇ ਕਾਲ ਤੋਂ ਪਰੇ ਹੈ, ਅਤੇ ਜੈ ਜੈਕਾਰ (ਫ਼ਤਹ) ਸਦ ਵਾਹਿਗੁਰੂ ਦੀ ਹੈ ?

ਅੰਤੇ ਖ਼ਾਲਸੇ ਵਿਚ ਇਹ ਅਤੇ ਐਸੀਆਂ ਬੇਅੰਤ ਹੋਰ ਮਾਨਵ-ਸਾਂਝਾਂ ਇਸ ਲਈ ਹਨ ਕਿ ਸਿੱਖਾਂ ਦਾ ੧ਓਅੰਕਾਰ ਵਾਹਿਗੁਰੂ ਸਭ ਦਾ ਸਾਂਝਾ ਪਿਤਾ ਹੈ, ਇਹਨਾਂ ਦਾ ਪ੍ਰੇਰਨ-ਸ਼ਰੋਤ ਹੈ, ਅਤੇ ਇਹਨਾਂ ਦਾ ਨਾਅਰਾ ਹੈ :

"ਸਭੇ ਸਾਂਝੀਵਾਲ ਸਦਾਇਨਿ, ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥੨॥੯॥(ਮਾਝ ਮ: ੫–੯੭)

ਭਾਵਾਰਥ–ਹੇ ਪ੍ਰਮਾਤਮਾ, ਸਭ ਤੇਰੇ ਸਮਾਨ ਹਿੱਸੇਦਾਰ ਹਨ । ਤੂੰ ਕਿਸੇ ਨੂੰ ਓਪਰਾ ਨਹੀਂ ।

**ਸਮਾਜਵਾਦ ਜਾਂ ਸਾਂਝੀਵਾਲਤਾ–**

ਅੰਤ ਵਿਚ ਸੰਖੇਪ ਤੌਰ ਤੇ ਕੁਝ ਵਰਤਮਾਨ ਸਮਾਜਵਾਦੀ ਸਾਂਝੀਵਾਲਤਾ ਦੀ ਵੀ ਗੱਲ ਵੇਖ ਲਈਏ :–

ਸੋਸ਼ਲਿਜ਼ਮ (ਸਮਾਜਵਾਦ) ਸ਼ਬਦ ਦੀ ਵਰਤੋਂ, ਸਭ ਤੋਂ ਪਹਿਲਾਂ, ਸੰਨ ੧੮੩੩ ਵਿਚ ਇਕ ਰਾਜਸੀ ਮੈਗਜ਼ੀਨ (Poor Man's Guardian) ਵਿਖੇ ਹੋਈ । ਇਹ ਰਾਜਨੀਤਕ ਆਰਥਕਤਾ ਵਿਚ ਇਕ ਐਸਾ ਪ੍ਰਬੰਧ ਹੈ, ਜਿਸ ਅਨੁਸਾਰ ਸਮਾਜ ਵਿਚ ਆਰਥਕ ਵਸੀਲਿਆਂ ਦੀ ਇਕੋ ਜਿਹੀ ਵੰਡ ਹੋਵੇ ।

ਸੋ, ਇਸ ਤਰ੍ਹਾਂ, ਇਹ ਸਾਂਝੀਵਾਲਤਾ ਇਕ ਰਾਜਨੀਤਕ ਤੇ ਆਰਥਕ ਸਿਸਟਮ ਅਥਵਾ ਵਿਚਾਰਧਾਰਾ ਹੈ, ਜੋ ਅੱਜ ਤਕ, ਮੁਕੰਮਲ ਤੌਰ ਉਤੇ, ਸੰਸਾਰ ਦੇ ਕਿਸੇ ਕਮਯੂਨਿਸਟ ਦੇਸ਼ ਵਿਚ ਵੀ ਲਾਗੂ ਨਹੀਂ ਹੋ ਸਕੀ । ਇਸ ਦਾ ਟੀਚਾ ਇਹ ਹੈ ਕਿ ਧਨ ਦੌਲਤ ਤੇ ਜਾਇਦਾਦ ਦੀ ਸਾਂਝੀ ਤੇ ਸਮਾਨ ਵੰਡ ਹੋਵੇ ਅਤੇ ਵਖਰੇ ਹੱਕ ਤੇ ਲਾਭ ਕਤੱਈ ਖ਼ਤਮ ਕੀਤੇ ਜਾਣ । ਸਿਖ ਧਰਮ, ਐਸੇ ਸਮਾਜਵਾਦ ਜਾਂ ਸਾਂਝੀਵਾਲਤਾ ਦੀ ਮੁਖ਼ਾਲਫ਼ਤ ਨਹੀਂ ਕਰਦਾ, ਸਗੋਂ ਗੁਰੂ ਸਾਹਿਬਾਨ ਲੁੱਟ ਖਸੁੱਟ, ਪਾਪਾਂ ਨਾਲ ਮਾਇਆ ਇਕੱਤਰ ਕਰਨ ਤੇ ਦੂਜੇ ਦਾ ਹੱਕ ਮਾਰਨ ਦੇ ਤਾਂ ਆਪ ਵੱਡੇ ਵਿਰੋਧੀ ਹਨ । ਵੰਡ ਕੇ ਛਕਣ ਦੀ ਭਰਵੀਂ ਉਗਾਹੀ ਉਹ ਇਉਂ ਭਰਦੇ ਹਨ :

(ੳ) ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ, ਰਾਹੁ ਪਛਾਣਹਿ ਸੇਇ ॥੧॥੨੨॥ (ਮ: ੧, ਪੰਨਾ ੧੨੪੫)

(ਅ) ਇਸੁ ਜਰ ਕਾਰਣਿ ਘਣੀ ਵਿਗੁਤੀ, ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥ ੩ ॥
ਜ਼ਰ = ਧਨ ਦੌਲਤ (ਆਸਾ ਮ: ੧, ਪੰਨਾ ੪੧੭)

(ੲ) ਜਿਸੁ ਗ੍ਰਿਹਿ ਬਹੁਤੁ, ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ, ਸੁ ਫਿਰੈ ਭ੍ਰਮੰਤਾ ॥
ਦੁਹੁ ਬਿਵਸਥਾ ਤੇ ਜੋ ਮੁਕਤਾ, ਸੋਈ ਸੁਹੇਲਾ ਭਾਲੀਐ ॥੧੫॥ (ਮ: ੫, ਪੰ: ੧੦੧੯)

ਹੋਰ ਵੇਖੋ, ਕਿਤਨਾ ਕਰੜਾ ਹੈ ਦੂਜੇ ਦਾ ਹੱਕ ਮਾਰਨ ਵਿਰੁੱਧ, ਗੁਰੂ ਨਾਨਕ ਪਾਤਸ਼ਾਹ ਦਾ ਇਹ ਫੁਰਮਾਨ, ਹਿੰਦੂ ਤੇ ਮੁਸਲਮਾਨ ਨੂੰ, ਅਥਵਾ ਸਭ ਨੂੰ :–

ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ ॥੨॥੭॥ (ਮ: ੧, ਪੰਨਾ ੧੪੧)

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ (ਪ੍ਰਚਾਰ-ਫੇਰੀਆਂ) ਦਾ ਇਹ ਪਹਿਲੂ ਵਿਸ਼ੇਸ਼ ਤੌਰ ਉਤੇ ਵਾਚਣ, ਵਿਚਾਰਨਯੋਗ ਹੈ ਕਿ ਗੁਰੂ ਜੀ ਜਦ ਵੀ ਸੱਜਨ (ਠੱਗ), ਮਲਿਕ ਭਾਗੋ, ਭੂਮੀਆ (ਚੋਰ) ਜਾਂ ਕਿਸੇ ਹੋਰ ਮਾਇਆਧਾਰੀ ਪਾਸ ਪਹੁੰਚੇ, ਤਾਂ ਉਹਨਾਂ ਪਾਸੋਂ ਅੰਨ ਪਾਣੀ ਦੀ ਸੇਵਾ ਓਦੋਂ ਹੀ ਪ੍ਰਵਾਨ ਕੀਤੀ, ਜਦ ਉਸ ਨੇ ਪਾਪਾਂ ਨਾਲ, ਦੂਜਿਆਂ ਦਾ ਹੱਕ ਮਾਰ ਕੇ ਇਕੱਠਾ ਕੀਤਾ ਧਨ ਗ਼ਰੀਬਾਂ ਲੋੜਵੰਦਾਂ ਵਿਚ ਵੰਡ ਦਿਤਾ ਤੇ ਅੱਗੋਂ ਲਈ ਧਰਮ ਦੀ ਕਿਰਤ ਕਰਨ ਤੇ ਵੰਡ ਛਕਣ ਦਾ ਬਚਨ ਦਿੱਤਾ ।

ਮੋਦੀ ਬਾਬੇ ਦਾ ਤ੍ਰੈ-ਪੱਖੀ ਨਾਅਰਾ–"**ਧਰਮ ਦੀ ਕਿਰਤ ਕਰੋ, ਨਾਮ ਜਪੋ, ਤੇ ਵੰਡ ਕੇ ਛਕੋ**" ਧਰਮ ਦੀ✿



www.AKJ.Org

# ਸਰਬੱਤ ਖਾਲਸਾ ਜੀ ਕੀ ਅਰਦਾਸ

[ ਪ੍ਰੋ: ਜੋਗਿੰਦਰ ਸਿੰਘ ਜੀ, ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ]

'ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ' ਸਿੱਖ ਧਰਮ, ਸਿੱਖ ਸਾਹਿਤ ਤੇ ਸਿੱਖ ਇਤਿਹਾਸ ਵਿਚ ਪਰਵਾਣਿਤ 'ਕੌਮੀ-ਅਰਦਾਸ' ਦਾ ਅਧਿਆਤਮਿਕ ਮੰਗਾਂ ਤੇ ਇਤਿਹਾਸਕ ਸੁਪਨਿਆਂ ਨਾਲ ਸ਼ਿੰਗਾਰਿਆ ਇਕ ਵਾਕ ਹੈ। 'ਅਰਦਾਸ' ਦਾ ਭਾਵ ਹੈ–'ਅਰਜ਼ਦਾਸ਼ਤ' ਅਰਥਾਤ, ਸ੍ਵੈ-ਦਾਸਤਾਨ। ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਤੋਂ ਕਰੋੜਾਂ ਘਰਾਂ ਵਿਚ ਸਵੇਰੇ ਸ਼ਾਮ, ਜਿਹੜੀ 'ਅਰਦਾਸ' ਕੀਤੀ ਜਾਂਦੀ ਹੈ, ਇਕ ਤਰ੍ਹਾਂ ਨਾਲ ਉਹ ਸਿੱਖ ਧਰਮ ਤੇ ਖਾਲਸਾ ਪੰਥ ਦੀ ਅਧਿ-ਆਤਮਿਕ ਤੇ ਇਤਿਹਾਸਕ ਦਾਸਤਾਨ ਹੀ ਹੈ। 'ਖਾਲਸਾ' ਜੀ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਹ ਹੈ ਕਿ ਉਹ ਅਧਿਆਤਮਿਕ ਰੂਪ ਵਿਚ ਸਦਾ ਮਾਨਵਵਾਦੀ ਤੇ ਲੋਕ-ਹਿਤੈਸ਼ੀ ਰਹਿੰਦਾ ਹੈ। ਜਦੋਂ ਕਦੀ ਵੀ ਮਾਨਵਤਾ, ਧਰਮ, ਕੌਮ ਤੇ ਦੇਸ਼ ਕਿਸੇ ਸੰਕਟ ਵਿਚ ਗ੍ਰਸਿਆ ਜਾਂਦਾ ਹੈ, ਤਾਂ 'ਖਾਲਸਾ' ਲੋਕ-ਹਿਤੈਸ਼ੀ ਭਾਵਾਂ ਅਧੀਨ 'ਮਾਨਵਤਾ' ਦੀ ਏਕਤਾ, ਅਣਖ ਤੇ ਆਜ਼ਾਦੀ ਦੀ ਰਾਖੀ ਲਈ ਕੁਰਬਾਨੀ ਤੇ ਸ਼ਹਾਦਤਾਂ ਨਾਲ ਭਿੱਜੇ ਇਤਿਹਾਸਕ ਕਰਮ ਕਰਨ ਤੋਂ ਵੀ ਮੂੰਹ ਨਹੀਂ ਮੋੜਦਾ। 'ਕੌਮੀ-ਅਰਦਾਸ' ਖਾਲਸਾ ਜੀ ਦੇ ਮਾਨਵ-ਵਾਦੀ ਤੇ ਮਾਨਵਤਾ ਦੀ ਏਕਤਾ, ਅਣਖ ਤੇ ਆਜ਼ਾਦੀ ਦੀ ਰਾਖੀ ਲਈ ਕੀਤੀ ਕੁਰਬਾਨੀ ਦੇ ਦਿਤੇ ਖ਼ੂਨ ਦੀ ਦਾਸਤਾਨ ਹੈ। ਅਰਦਾਸ ਕਰਨ ਵੇਲੇ ਜਿਥੇ 'ਖਾਲਸਾ' ਆਪਣੇ ਇਸ਼ਟ–ਵਾਹਿਗੁਰੂ ਨਾਲ ਚਿਤ ਜੋੜ ਕੇ, ਸਮੁੱਚੀ ਮਾਨਵਤਾ ਵਾਸਤੇ ਸੁਖ-ਸ਼ਾਂਤੀ ਤੇ ਹਲੀਮੀ ਰਾਜ ਮੰਗਦਾ ਹੈ, ਉਥੇ ਸਰਬੱਤ ਖਾਲਸੇ ਨਾਲ ਆਪਣੀ ਪੰਥਕ ਸਾਂਝ ਪ੍ਰਗਟਾ ਕੇ ਖੰਡ, ਮੰਡਲ ਤੇ ਬ੍ਰਹਿਮੰਡ ਵਿਚ ਖਾਲਸਾ ਜੀ ਦੇ ਬੋਲ ਬਾਲੇ ਹੋਣ, ਇਸ ਲਈ 'ਅਰਦਾਸ' ਦੁਆਰਾ ਵਾਹਿਗੁਰੂ ਕੋਲੋਂ ਵਰਦਾਨ ਵੀ ਮੰਗਦਾ ਹੈ। 'ਸਰਬੱਤ ਖਾਲਸਾ ਜੀ ਕੀ ਅਰਦਾਸ' ਇਕ ਤਰ੍ਹਾਂ ਨਾਲ 'ਖਾਲਸਾ' ਦਾ ਸਪਸ਼ਟੀਕਰਣ ਵੀ ਹੈ, ਕੌਮੀ-ਸਾਂਝ ਤੇ ਪੰਥਕ-ਸੁਪਨਿਆਂ ਦਾ ਐਲਾਨ ਵੀ ਹੈ।

**ਖਾਲਸਾ ਜੀ ਦਾ ਸਪਸ਼ਟੀਕਰਣ :–**

'ਖਾਲਸਾ' ਕਦੀ ਵੀ ਸੰਪਰਦਾਇਕ ਨਹੀਂ ਰਿਹਾ ਅਤੇ ਨਾ ਹੀ ਕਦੀ ਵੱਖਵਾਦੀ ਜਾਂ ਅਤਿਵਾਦੀ ਹੋ ਸਕਦਾ ਹੈ। ਖਾਲਸੇ ਦਾ ਸਿਰਜਨਾਤਮਿਕ ਮੰਡਲ ਸਦਾ 'ਸਹਿਜ' ਵਾਲਾ ਰਿਹਾ ਹੈ। ਜਿਸ ਦਾ ਸਿਰਜਨਾਤਮਿਕ ਮੰਡਲ 'ਸਹਿਜ' ਵਾਲਾ ਹੋਵੇ, ਉਹ ਕਦੀ ਵੀ ਕਿਸੇ ਦੇਸ਼, ਧਰਮ, ਮਾਨਵਤਾ, ਸਭਿਅਤਾ, ਰੂਪ-ਰੰਗ ਤੇ ਬੋਲੀ ਦਾ ਦੋਖੀ ਨਹੀਂ ਹੋ

---

❋ਕਿਰਤ ਤੋਂ ਤੁਰਦਾ ⌒ ਤੇ ਵੰਡ ਕੇ ਛਕੋ ਉਤੇ ਮੁੱਕਦਾ ਹੈ। ਇਹਨਾਂ ਦੋਹਾਂ ਦੀ ਧਰਮ-ਚੂਲ ਹਨ : ਸ਼ਬਦ– "ਨਾਮ ਜਪੋ"। ੧ਓ ਅੰਕਾਰ (ਨਾਮ) ਧੁਰ ਅੰਦਰ ਵਸੇ ਬਗ਼ੈਰ ਨਾ ਧਰਮ ਦੀ ਕਿਰਤ ਹੋ ਸਕਣੀ ਸੰਭਵ ਹੈ, ਅਤੇ ਨਾ ਹੀ ਵੰਡ ਕੇ ਛਕਣ ਦੀ ਉਦਾਰਤਾ ਤੇ ਖੁਲ੍ਹ-ਦਿਲੀ।

ਸੋ, ਜੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਤਖ਼ੱਯਲ ਦੇ ਹਲੇਮੀ ਅਥਵਾ ਧਰਮ ਰਾਜ-ਪ੍ਰਬੰਧ ਦੁਆਰਾ, ਦਿਲੀ ਦਰਦਾਂ ਨਾਲ ਭਰੀ ਸਹੀ ਸਾਂਝੀਵਾਲਤਾ ਦਾ ਬੋਲਬਾਲਾ ਹੋ ਸਕੇ, ਤਾਂ ਇਹ ਗੱਲ ਸਿਖ-ਧਰਮ ਦੇ ਆਸ਼ੇ ਅਨੁਕੂਲ ਹੋਵੇਗੀ। ਸਿੱਖੀ, ਪੂੰਜੀਵਾਦ ਦੀ ਹਾਮੀ ਨਹੀਂ। ਪਰ ਨਾਲ ਹੀ, ਸਿਖ-ਧਰਮ ਖ਼ੂਨੀ ਇਨਕਲਾਬ ਦੇ ਸਿਧਾਂਤ ਨੂੰ ਵੀ ਨਹੀਂ ਕਬੂਲਦਾ।

ਸਿੱਖ-ਧਰਮ ਅਨੁਸਾਰ ਉਚੇਰਿਆਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਾਧਨ (Means) ਵੀ ਉਤਨੇ ਹੀ ਉੱਚੇ ਸੁੱਚੇ ਹੋਣੇ ਯੋਗ ਹਨ।

ਗੁਰੂ ਨਾਨਕ ਦੇ ਨਿਰਮਲ ਪੰਥ, ਖ਼ਾਸ ਰੂਪ 'ਖਾਲਸਾ' ਦਾ ਧਰਮ ਬਣਦਾ ਹੈ ਕਿ ਉਹ ਐਸੀ ਸਰਬ-ਪੱਖੀ ਸਹਜ ਤੇ ਸੰਤੁਲਿਤ ਸਾਂਝੀਵਾਲਤਾ ਦਾ ਪੈਗ਼ਾਮ ਸਮਸਤ ਸੰਸਾਰ ਨੂੰ ਦੇਵੇ, ਪ੍ਰੰਤੂ ਅਜਿਹਾ ਹੋਣਾ ਜਾਂ ਕਰ ਸਕਣਾ ਤਾਂ ਹੀ ਸੰਭਵ ਹੈ, ਜੇ ਗੁਰੂ ਜੀ ਦੇ ਸਿੱਖ ਪਹਿਲਾਂ ਪੰਥ ਵਿਚ ਐਸੀ ਸਮਾਨਤਾ ਤੇ ਸਾਂਝੀਵਾਲਤਾ ਦਾ ਪ੍ਰਚੰਡ ਪ੍ਰਕਾਸ਼ ਕਰਨਗੇ। ਪੰਜਵੇਂ ਗੁਰੂ ਜੀ ਦਾ ਪੱਥ ਪ੍ਰਦਰਸ਼ਕ ਫ਼ੁਰਮਾਨ ਹੈ :

ਪ੍ਰਥਮੇ ਮਨੁ ਪ੍ਰਬੋਧੈ ਅਪਨਾ, ਪਾਛੈ ਅਵਰ ਰੀਝਾਵੈ ॥੨॥੪॥੪੩॥ (ਆਸਾ ਮ: ੫, ਪੰਨਾ ੩੮੧)



www.AKJ.Org

ਸਕਦਾ । ਖਾਲਸਾ ਸਦਾ ਦੁਖ-ਦਵੰਤ ਤੋਂ ਆਜ਼ਾਦ ਰਹਿੰਦਾ ਹੈ। ਉਸ ਦੀ ਪ੍ਰਥਮ ਇੱਛਾ ਤੇ ਅਰਦਾਸ ਵੀ ਇਹੀ ਹੈ, ਕਿ 'ਖਾਲਸੇ ਨੂੰ ਵਾਹਿਗੁਰੂ ਸਦਾ ਚਿੱਤ ਆਵੇ ।' ਵਾਹਿਗੁਰੂ ਨੂੰ ਚਿੱਤ ਵਿਚ ਰਖਣ ਵਾਲਾ ਜੋ 'ਮਾਨਵਤਾ' ਦਾ ਦੋਖੀ ਹੋ ਜਾਵੇ ਤਾਂ ਸਪਸ਼ਟ ਹੈ ਕਿ ਉਹ ਵਾਹਿਗੁਰੂ ਦਾ ਦੋਖੀ ਹੋ ਗਿਆ। ਖ਼ਾਲਸੇ ਨੇ ਵਾਹਿਗੁਰੂ ਨੂੰ ਹਮੇਸ਼ਾ ਇਕ ਮੰਨਿਆ ਹੈ ਤੇ ਉਸ ਦੀ ਸਾਜੀ ਸਮੁੱਚੀ ਮਾਨਵਤਾ ਨੂੰ ਵੀ ਇਕ, ਅਤੇ ਏਕਤਾ ਦੇ ਰੂਪ ਵਿਚ ਹੀ ਪਛਾਣਿਆ ਹੈ। ਖਾਲਸਾ ਰੋਜ਼ ਪੜ੍ਹਦਾ ਹੈ, ਗਾਇਨ ਕਰਦਾ ਹੈ, ਉਪਦੇਸ਼ ਕਰਦਾ ਹੈ, ਤੇ ਅੰਤਰ-ਆਤਮੇ ਨਿਰੰਤਰ ਦ੍ਰਿੜ੍ਹ ਵੀ ਕਰਦਾ ਹੈ :–

੧– ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ (੧੩੪੯)
੨– ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ (੯੭)
੩– ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥ (੧੨੯੯)
੪– ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ॥੧੫॥੮੫॥ (ਅਕਾਲ ਉਸਤਤਿ ਪਾ: ੧੦)
੫– ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥ (੭੪)

ਜਦੋਂ ਕੋਈ ਵੀ ਮਾਨਵ-ਹਿਰਦਾ ਵਾਹਿਗੁਰੂ ਤੋਂ ਸੱਖਣਾ ਨਹੀਂ, ਸਾਰੇ ਹੀ ਵਾਹਿਗੁਰੂ ਦੀ ਜੋਤਿ ਕਰਕੇ ਹੋਂਦ ਵਿਚ ਹਨ, ਤਾਂ ਵੈਰ ਤੇ ਬਿਗਾਨਾਪਨ ਕਿਸ ਨਾਲ ? ਇਹੀ ਕਾਰਨ ਹੈ, ਕਿ 'ਖਾਲਸਾ' ਨਾ ਕਿਸੇ ਦਾ ਵੈਰੀ ਹੈ ਅਤੇ ਨਾ ਹੀ ਕਿਸੇ ਪ੍ਰਤੀ ਬਿਗਾਨਾਪਨ ਕਦੀ ਪ੍ਰਗਟ ਕਰਦਾ ਹੈ । ਉਹ ਮੂਲ ਰੂਪ ਵਿਚ ਗਿਆਨ-ਗੁਰੂ ਦਾ ਪੁਜਾਰੀ ਹੈ, ਆਪਣੇ ਗੁਰੂ-ਵਾਹਿਗੁਰੂ ਵਾਂਗ, ਬਿਨਾਂ ਕਿਸੇ ਵਿਤਕਰੇ ਦੇ 'ਸਰਬ' ਸੁਖ ਦਾ ਹਿਤੈਸ਼ੀ ਹੈ, ਉਹ 'ਸਰਬੱਤ ਦਾ ਭਲਾ' ਮੰਗ ਕੇ ਰੋਜ਼ ਅਰਦਾਸ ਰਾਹੀਂ ਐਲਾਨ ਵੀ ਕਰਦਾ ਹੈ, ਕਿ 'ਖਾਲਸਾ' ਵਾਹਿਗੁਰੂ ਨੂੰ ਚਿੱਤ ਵਿਚ ਰਖਣ ਸਦਕਾ ਸਰਬ ਸੁਖ, ਸਰਬ ਸ਼ਾਂਤੀ ਤੇ ਹਲੀਮੀ ਰਾਜ ਵਾਸਤੇ ਹੈ । ਖਾਲਸੇ ਨੂੰ 'ਰਾਜ' ਵੀ ਉਹੀ ਪਸੰਦ ਹੈ, ਜਿਸ ਵਿਚ ਸਭ ਨੂੰ ਸੁਖ-ਸ਼ਾਂਤੀ ਤੇ ਨਿਆਂ ਮਾਣ ਪ੍ਰਾਪਤ ਹੋਵੇ ।

**ਖਾਲਸਾ ਜੀ ਦੀ ਕੌਮੀ ਸਾਂਝ–**

ਸਿੱਖ ਦਾ ਜੀਵਨ ਇੰਨਾ ਵਿਅਕਤੀਗਤ ਨਹੀਂ, ਜਿੰਨਾ ਪੰਥਕ ਤੇ ਜਥੇਬੰਦਕ ਹੈ, ਸਿੱਖ ਨੇ ਹਮੇਸ਼ਾ ਪੰਥ ਨਾਲ ਰਹਿ ਕੇ ਜਾਂ ਪੰਥ-ਮਾਰਗ ਉਤੇ ਚੱਲ ਕੇ ਸੰਗਤ ਜਾਂ ਖਾਲਸਈ ਸਰੂਪ ਵਿਚ ਜਥੇਬੰਦ ਹੋ ਕੇ ਜੀਊਣਾ ਹੈ । ਜਦੋਂ ਸਿੱਖ ਆਪਣੇ ਰੱਬ ਨੂੰ '੧ੴ ਵਾਹਿਗੁਰੂ' ਦੇ ਰੂਪ ਵਿਚ ਸਾਂਝਾ ਮੰਨਦਾ ਹੈ, ਸਤਿਗੁਰਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਏਕਤਾ ਨੂੰ ਸਵੀਕਾਰਦਾ ਹੈ; ਪਿਆਰਿਆਂ, ਸਾਹਿਬਜ਼ਾਦਿਆਂ, ਮੁਕਤਿਆਂ ਤੇ ਸ਼ਹੀਦਾਂ ਨੂੰ ਇਕ ਮੰਨਦਾ ਹੈ, ਤਖ਼ਤ ਸਾਂਝੇ, ਗੁਰਦੁਆਰੇ ਤੇ ਗੁਰਧਾਮ ਸਾਂਝੇ, ਖਾਲਸਈ ਬੋਲ ਤੇ ਨਾਹਰੇ ਸਾਂਝੇ, ਅੰਮ੍ਰਿਤਸਰ ਦਾ ਇਸ਼ਨਾਨ ਤੇ ਨਾਮਦਾਨ ਸਾਂਝਾ, ਮੰਗਾਂ ਤੇ ਵਰਦਾਨ ਸਾਂਝੇ, ਚੜ੍ਹਦੀ ਕਲਾ ਤੇ ਸਰਬੱਤ ਦਾ ਭਲਾ ਸਾਂਝਾ । ਜਦੋਂ ਕੌਮ ਦਾ ਇਸ਼ਟ, ਉਦੇਸ਼ ਤੇ ਆਦਰਸ਼ ਸਾਂਝਾ ਹੈ, ਅਰਦਾਸ ਸਾਂਝੀ ਹੈ ਤਾਂ ਹਰ ਸਥਿਤੀ ਵਿਚ, ਜਿਥੇ ਜਿਥੇ ਵੀ 'ਖਾਲਸਾ' ਖਾਲਸਈ ਰੂਪ ਵਿਚ ਬੈਠਾ ਵਿਚਰਦਾ ਹੈ, ਸਰਬੱਤ ਖਾਲਸਾ ਜੀ ਦੀ ਇਹ ਹਾਰਦਿਕ ਇੱਛਾ ਤੇ ਅਰਦਾਸ ਵੀ ਹੈ ਕਿ 'ਸਾਹਿਬ ਅਕਾਲ ਪੁਰਖ' ਉਸ ਦੀ 'ਰੱਛਿਆ ਰਿਆਇਤ' ਕਰੇ । ਮਾਨਵਤਾ ਦੀ ਰੱਛਿਆ ਰਿਆਇਤ ਲਈ ਸਤਿਗੁਰਾਂ ਨੇ ਵੀ ਸਦਾ ਅਰਦਾਸ ਕੀਤੀ ਹੈ ਤੇ ਖਾਲਸਾ ਵੀ ਕੌਮੀ-ਸਾਂਝ ਹਿੱਤ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੇ ਨਿਆਰੇ, ਤੇਜ ਵਾਲੇ ਤੇ ਜਥੇਬੰਦਕ ਸਰੂਪ 'ਖਾਲਸਾ' ਦੀ ਹਰ ਵੇਲੇ, ਹਰ ਸਥਿਤੀ ਵਿਚ ਤੇ ਸਭ ਥਾਈਂ ਰਛਿਆ ਰਿਆਇਤ ਮੰਗਦਾ ਹੈ । ਸਰਬੱਤ ਖਾਲਸਾ ਆਪਣਾ ਅਧਿਕਾਰ ਮੰਨ ਕੇ ਨਿਰੰਤਰ ਅਰਦਾਸ ਵੀ ਕਰਦਾ ਹੈ ਕਿ ਵਿਸ਼ਵ-ਮੰਡਲ ਵਿਚ ਜਿਥੇ ਜਿਥੇ ਵੀ ਆਪਣੀ ਕਿਰਤ ਕਰਨ ਲਈ ਖਾਲਸਾ ਰਹਿੰਦਾ ਹੈ, ਉਹ ਕੌਮੀ-ਸਾਂਝ ਪ੍ਰਗਟਾਏ ਤੇ ਅਕਾਲ ਪੁਰਖ ਕੋਲੋਂ ਮੰਗੇ :

"ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ"

**ਖਾਲਸਾ ਜੀ ਦੀਆਂ ਮੰਗਾਂ:–**

ਦੁਸ਼ਟ ਤੇ ਦੋਖੀਆਂ ਨੂੰ ਜੜ੍ਹੋਂ ਪੁੱਟਣ ਵਾਸਤੇ ਜਦੋਂ ਕਦੀ ਵੀ 'ਖਾਲਸਾ' ਸੰਗ੍ਰਾਮ ਵਿਚ ਜੂਝਦਾ ਹੈ ਤਾਂ ਮੈਦਾਨੇ-



www.AKJ.Org

ਨਾਲ ਗੂੰਜਣ ਲੱਗ ਪੈਂਦਾ ਹੈ । ਇਹ ਸਾਰੇ ਜੈਕਾਰੇ ਖਾਲਸੇ ਦੇ ਨਾਹਰੇ ਵੀ ਹਨ ਅਤੇ ਇਹਨਾਂ ਨਾਹਰਿਆਂ ਵਿਚ ਖਾਲਸਾ ਜੀ ਦੀਆਂ ਮੰਗਾਂ ਵੀ ਹਨ ।

**ਦੇਗ ਤੇਗ਼ ਫ਼ਤਹ :–**

'ਦੇਗ' ਦਾ ਭਾਵ–ਲੰਗਰ । ਦੇਗ਼ ਦੀ ਫਤਹ ਤਾਂ ਹੀ ਹੋ ਸਕਦੀ ਹੈ ਜੇ ਸਾਰੀ ਮਨੁੱਖਤਾ ਵਿਚ ਵੰਡ ਛਕਣ ਦੀ ਭਾਵਨਾ ਪੈਦਾ ਹੋਵੇ । ਖਾਲਸਾ ਜੀ ਦੀ ਮੰਗ ਹੈ ਕਿ ਆਪ ਕਿਰਤ ਕਮਾਈ ਵਿਚੋਂ ਵੰਡ ਛਕੋ । ਇਸ ਤਰ੍ਹਾਂ 'ਦੇਗ' ਦੀ ਫ਼ਤਹ ਹੋਵੇਗੀ । ਸਿੱਖਾਂ ਵਿਚ ਦੇਗ (ਲੰਗਰ) ਸਜਾਉਣ ਦੀ ਪ੍ਰਥਾ ਵੰਡ ਛੱਕਣ, ਏਕਤਾ ਤੇ ਬਰਾਬਰੀ ਦੀ ਭਾਵਨਾ ਨੂੰ ਉਤੇਜਿਤ ਕਰਨ ਦੀ ਪ੍ਰਥਾ ਹੀ ਹੈ ।

**ਤੇਗ਼ ਦੀ ਫਤਹ :–**

ਸਰਬੱਤ ਖਾਲਸਾ ਦੀ ਇਹ ਵੀ ਮੰਗ ਹੈ ਕਿ 'ਤੇਗ਼' ਦੀ ਸਦਾ ਫ਼ਤਹ ਹੋਵੇ । 'ਤੇਗ਼' ਦਾ ਅਰਥ ਹੈ–ਤਲਵਾਰ । 'ਤੇਗ਼' ਹਮੇਸ਼ਾ ਵਾਹੀ ਜਾਂਦੀ ਹੈ–ਦੁਸ਼ਟ, ਦੋਖੀਆਂ, ਜ਼ੁਲਮ ਤੇ ਜ਼ਿਆਦਤੀਆਂ ਵਿਰੁੱਧ । ਤੇਗ਼ ਨੇ ਸੱਚ, ਪ੍ਰੇਮ, ਨਿਆਂ, ਅਣਖ ਤੇ ਆਜ਼ਾਦੀ ਦੀ ਸਹਾਇਤਾ ਕਰਨੀ ਹੁੰਦੀ ਹੈ । ਖਾਲਸਾ ਇਸੇ ਕਰਕੇ ਤੇਗ਼ ਨੂੰ ਨਿਰੰਤਰ ਸਿਮਰਦਾ ਹੈ, ਤਾਂਕਿ ਧਰਮ-ਕੀਮਤਾਂ ਦੀ ਫ਼ਤਹ ਹੋਵੇ, ਪਾਪ-ਕੀਮਤਾਂ ਦੀ ਹਾਰ ਹੋਵੇ । ਖਾਲਸਾ ਜੀ ਦੀ ਸਦੀਵੀ ਮੰਗ ਤੇ ਅਰਦਾਸ ਹੈ ਕਿ ਖੰਡ, ਮੰਡਲ ਤੇ ਬ੍ਰਹਿਮੰਡ ਵਿਚ 'ਦੇਗ ਤੇਗ' ਦੀ ਸਦਾ ਫਤਹ ਹੋਵੇ ।

**ਪੰਥ ਕੀ ਜੀਤ :–**

'ਪੰਥ' ਦਾ ਭਾਵ ਹੈ–ਮਾਰਗ । ਸਤਿਗੁਰਾਂ ਨੇ ਆਪਣੇ ਪਿਆਰੇ ਖਾਲਸਾ ਜੀ ਨੂੰ ਇਕ ਨਿਰਮਲ ਮਾਰਗ ਦਿੱਤਾ ਹੈ । ਉਸ ਮਾਰਗ ਵਿਚ ਸੱਚ, ਸਿਮਰਨ, ਸੰਤੋਖ, ਸੇਵਾ, ਸਹਿਜ, ਸੰਘਰਸ਼ ਤੇ ਅਨੰਦ ਦੇ ਪੜਾਅ ਹਨ । ਜਦੋਂ ਇਸ ਨਿਰਮਲ ਤੇ ਅਧਿਆਤਮਿਕ ਮਾਰਗ ਉਤੇ ਤੁਰਨ ਵਾਲੇ ਜਥੇਬੰਦ ਹੋ ਜਾਂਦੇ ਹਨ, ਤਾਂ ਇਸ ਜਥੇਬੰਦੀ ਨੂੰ ਵੀ 'ਪੰਥ' ਆਖਿਆ ਜਾਂਦਾ ਹੈ । ਖਾਲਸਾ ਜੀ ਦੀ ਹਾਰਦਿਕ ਮੰਗ ਹੈ ਕਿ ਸ੍ਰਿਸ਼ਟੀ-ਮੰਡਲ ਵਿਚ ਇਸ ਨਿਰਮਲ ਤੇ ਅਧਿਆਤਮਿਕ ਪੰਥ' ਦੀ ਸਦਾ ਜਿੱਤ ਤੇ ਜੈਕਾਰ ਹੋਵੇ ।

**ਸ੍ਰੀ ਸਾਹਿਬ ਜੀ ਸਹਾਇ :–**

ਖਾਲਸਾ ਜੀ ਦਾ ਦ੍ਰਿੜ੍ਹ ਵਿਸ਼ਵਾਸ ਹੈ, 'ਪੰਥ ਕੀ ਜੀਤ' ਵਾਸਤੇ 'ਸ੍ਰੀ ਸਾਹਿਬ' ਹਮੇਸ਼ਾ ਸਹਾਇਕ ਹੋਣਗੇ । ਸ੍ਰੀ ਸਾਹਿਬ ਸਦਾ ਸਹਾਇਕ ਰਹਿਣ, ਕੌਮ ਅਤੇ ਦੇਸ਼ ਦੀ ਅਣਖ ਅਤੇ ਆਜ਼ਾਦੀ ਲਈ । ਇਹ ਸਰਬੱਤ ਖਾਲਸਾ ਦੀ ਮੰਗ ਵੀ ਹੈ ਤੇ ਅਰਦਾਸ ਵੀ ਹੈ ।

**ਖਾਲਸਾ ਜੀ ਦੀ ਸਥਾਪਨਾ :–**

ਸਰਬੱਤ ਖਾਲਸੇ ਦਾ ਅੰਦਰੋਂ ਸੁਪਨਾ ਹੈ ਕਿ ਧਰਤੀ ਉਤੇ ਖਾਲਸਾ ਜੀ ਦੇ ਬੋਲ ਬਾਲੇ ਹੋਣ । ਖਾਲਸੇ ਦਾ ਬੋਲ ਉਹੀ ਹੈ, ਜਿਹੜਾ ਬੋਲ ਦਸਾਂ ਸਤਿਗੁਰਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬੋਲ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬੋਲ ਸ਼ੁੱਧ ਰੂਪ ਵਿਚ ਭਾਰਤੀ ਬੋਲ ਹੈ । ਖਾਲਸੇ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਭਾਰਤੀ ਬੋਲ ਨੂੰ ਸੰਭਾਲਿਆ ਹੀ ਨਹੀਂ, ਸਗੋਂ ਭਾਰਤ ਦੀ ਏਕਤਾ, ਅਣਖ ਤੇ ਆਜ਼ਾਦੀ ਦੀ ਸੁਰੱਖਿਆ ਲਈ ਸ਼ਹਾਦਤਾਂ ਦੇ ਕੇ ਆਪਣਾ ਬਲ ਵੀ ਪੈਦਾ ਕੀਤਾ ਹੈ । ਖਾਲਸਾ ਚੂੰਕਿ ਆਪਣੇ ਜਨਮ ਤੋਂ ਹੀ ਭਾਰਤੀ ਹੈ ਤੇ ਭਾਰਤੀ ਬੋਲ-ਬਾਲੇ ਦਾ ਰਾਖਾ ਵੀ ਹੈ, ਇਸ ਲਈ 'ਖਾਲਸਾ' ਰੋਜ਼ ਉਸ ਬੋਲ-ਬਾਲੇ ਦੀ ਪ੍ਰਾਪਤੀ ਲਈ 'ਅਰਦਾਸ' ਰਾਹੀਂ ਆਪਣਾ ਸੁਪਨਾ ਮੂਰਤੀਮਾਨ ਕਰਦਾ ਹੈ ਤਾਂਕਿ ਉਹ ਸਰਬ ਪਾਸੇ ਸੁਖ, ਸ਼ਾਂਤੀ, ਨਿਆਂ ਤੇ ਮਾਣ ਪੈਦਾ ਕਰ ਸਕੇ । ਖਾਲਸਾ ਜੀ ਦੇ ਬੋਲ-ਬਾਲੇ ਨਿਸਚੇ ਹੀ ਭਾਰਤ ਦੇ ਬੋਲ-ਬਾਲੇ ਹਨ ।

'ਸਰਬੱਤ ਖਾਲਸਾ ਜੀ ਕੀ ਅਰਦਾਸ' ਜਿਥੇ ਮਾਨਵਤਾ, ਧਰਮ, ਕੌਮ ਤੇ ਦੇਸ਼ ਨੂੰ ਸੰਕਟ ਤੋਂ ਮੁਕਤ ਕਰਨ ਦੀ ਅਰਦਾਸ ਹੈ, ਉਥੇ ਖਾਲਸਾ ਜੀ ਦੇ ਸਪਸ਼ਟੀਕਰਣ, ਮੰਗਾਂ ਤੇ ਸੁਪਨਿਆਂ ਦੀ ਦਾਸਤਾਨ ਵੀ ਹੈ । ਖਾਲਸੇ ਦੀ ਮੰਗ ਹੈ– ਧਰਤੀ ਉਤੇ ਏਕਤਾ, ਸ਼ਾਂਤੀ, ਨਿਆਂ ਤੇ ਹਲੀਮੀ ਰਾਜ ਸਥਾਪਿਤ ਹੋਵੇ ਤੇ ਸੁਪਨਾ ਹੈ–ਖਾਲਸਾ ਜੀ ਦੇ ਬੋਲ-ਬਾਲੇ ਹੋਣ ।



www.AKJ.Org

# ਖ਼ਾਲਸਾ ਅਕਾਲ ਪੁਰਖ ਕੀ ਫੌਜ

[ ਸ: ਦਰਸ਼ਨ ਸਿੰਘ ਜੀ ਹਾਂਸ ਕਲਾਂ (ਲੁਧਿਆਣਾ) ]

ਸ੍ਰੀ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਨੇ ਆਪਣੀ ਰਚਨਾ ਬਚਿੱਤਰ ਨਾਟਕ ਵਿਚ ਫੁਰਮਾਇਆ ਹੈ ਕਿ ਉਹਨਾਂ ਨੂੰ ਪਰਮਾਤਮਾ ਨੇ ਆਪਣਾ ਪੁੱਤਰ ਨਿਵਾਜ ਕੇ ਧਰਮ ਦੀ ਰੱਖਿਆ ਤੇ ਧਰਤੀ ਤੇ ਹੋ ਰਹੇ ਜ਼ੁਲਮਾਂ ਦਾ ਨਾਸ ਕਰਨ ਲਈ ਭੇਜਿਆ। ਉਸ ਸਮੇਂ ਇਸਲਾਮੀ ਹਕੂਮਤ ਦੀ ਵਾਗ ਡੋਰ ਔਰੰਗਜ਼ੇਬ ਦੇ ਹੱਥਾਂ ਵਿਚ ਸੀ। ਇਹ ਸਮਾਂ ਹਿੰਦੂ ਧਰਮ ਲਈ ਬਹੁਤ ਹੀ ਕਰੜਾ ਤੇ ਪ੍ਰੀਖਿਆ ਦਾ ਸਮਾਂ ਸੀ। ਉਸ ਸਮੇਂ ਹਿੰਦੁਸਤਾਨ ਦੇ ਹਰੇਕ ਬਾਦਸ਼ਾਹ ਨੇ, ਜਿੰਨਾ ਵੀ ਉਸ ਦਾ ਵਸ ਲਗਾ, ਰੱਜ ਕੇ ਹਿੰਦੂਆਂ ਤੇ ਜ਼ੁਲਮ ਢਾਹੇ। ਹਿੰਦੂਆਂ ਨੂੰ ਇਤਨਾ ਜ਼ਲੀਲ ਕੀਤਾ ਜੋ ਥੋੜ੍ਹੇ ਜਿਹੇ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਔਰੰਗਜ਼ੇਬ ਦੇ ਸਮੇਂ ਵਿਚ ਇਹ ਜ਼ੁਲਮ ਸਿਖਰ ਤੇ ਪੁੱਜ ਗਏ ਸਨ। ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਣ ਲੱਗਾ। ਜਿਹੜਾ ਮੁਸਲਮਾਨ ਬਣਨ ਤੋਂ ਇਨਕਾਰ ਕਰਦਾ, ਉਸ ਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਂਦਾ। ਉਸਦੀ ਜਾਇਦਾਦ ਤੇ ਪਤ ਲੁਟੀ ਜਾਂਦੀ ਸੀ। ਉਸ ਸਮੇਂ ਕੌਮੀ ਏਕਤਾ ਦਾ ਅਭਾਵ ਸੀ ਤੇ ਲੋਕੀ ਵਖ ਵਖ ਬਹੁਤ ਫ਼ਿਰਕਿਆਂ ਵਿਚ ਵੰਡੇ ਹੋਏ ਸਨ। ਇਕ-ਮੁੱਠ ਹੋ ਕੇ ਦੁਸ਼ਮਨ ਦਾ ਟਾਕਰਾ ਕਰਨ ਬਾਰੇ ਕਿਸੇ ਨੂੰ ਕੁਝ ਸੁਝਦਾ ਨਹੀਂ ਸੀ।

ਔਰੰਗਜ਼ੇਬ ਦੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਸੀਸ ਦਾ ਬਲੀਦਾਨ ਦਿਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ ਦੀ ਸ਼ਹੀਦੀ ਪਿਛੋਂ ਮਜ਼ਲੂਮਾਂ ਉਪਰ ਢਾਹੇ ਜਾ ਰਹੇ ਜ਼ੁਲਮਾਂ ਦਾ ਇਵਜ਼ਾਨਾ ਜ਼ਾਲਮ ਹਾਕਮਾਂ ਨੂੰ ਦੇਣਾ ਚਾਹੁੰਦੇ ਸਨ। ਇਸ ਕਾਰਜ ਵਾਸਤੇ ਉਹਨਾਂ ਨੂੰ ਅਜਿਹੇ ਪੁਰਸ਼ਾਂ ਦੀ ਲੋੜ ਸੀ ਜੋ ਕੇਵਲ ਪ੍ਰਭੂ-ਪੂਜ ਹੀ ਨਾ ਹੋਣ ਸਗੋਂ ਸੂਰਬੀਰਤਾ, ਕੌਮੀ ਪਿਆਰ ਤੇ ਭਰਾਤਰੀ ਭਾਵ ਨਾਲ ਭਰਪੂਰ ਹੋਣ ਅਤੇ ਜੋ ਦੇਸ਼, ਕੌਮ ਤੇ ਧਰਮ ਦੀ ਖ਼ਾਤਰ ਆਪਾ ਵਾਰਨ ਲਈ ਸਦਾ ਤਤਪਰ ਹੋਣ। ਇਸ ਉਦੇਸ਼ ਦੀ ਪੂਰਤੀ ਲਈ ਦਸਮੇਸ਼ ਜੀ ਨੇ ੧੬੯੯ ਈ: ਦੀ ਵਿਸਾਖੀ ਨੂੰ ਖਾਲਸਾ ਪੰਥ ਦੀ ਸਿਰਜਨਾ ਕੀਤੀ। ਆਪਣੇ ਸਿੱਖਾਂ ਨੂੰ ਇਕ ਹੱਥ ਵਿਚ ਮਾਲਾ ਤੇ ਦੂਜੇ ਵਿਚ ਤਲਵਾਰ ਫੜਾ ਦਿਤੀ, ਭਾਵ ਇਹ ਕਿ ਸੰਤ ਸਿਪਾਹੀ ਬਣਾ ਕੇ ਜ਼ਾਲਮਾਂ ਨਾਲ ਟੱਕਰ ਲੈਣ ਦੇ ਕਾਬਲ ਬਣਾ ਦਿਤਾ। ਅਜਿਹਾ ਖ਼ਾਲਸਾ ਪੈਦਾ ਕੀਤਾ, ਜਿਸ ਨੇ ਜ਼ਾਲਮ ਹਕੂਮਤ ਦੀਆਂ ਜੜ੍ਹਾਂ ਦੇਸ਼ ਵਿਚੋਂ ਹਿਲਾ ਕੇ ਰਖ ਦਿਤੀਆਂ, ਜਿਸ ਨਾਲ ਜ਼ਾਲਮ ਰਾਜ ਦਾ ਖ਼ਾਤਮਾ ਹੋਇਆ ਅਤੇ ਜਿਸ ਨੇ ਸਦੀਆਂ ਦੀ ਗੁਲਾਮੀ ਤੋਂ ਭਾਰਤ-ਵਾਸੀਆਂ ਨੂੰ ਛੁਟਕਾਰਾ ਦਿਵਾਗਿਆ। ਇਸ ਖਾਲਸਾ ਪੰਥ ਦੀ ਜਿਰਜਨਾ ਬਾਰੇ ਗੁਰੂ ਜੀ ਫੁਰਮਾਉਂਦੇ ਹਨ:-

ਖ਼ਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥
ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥

ਭਾਵ, ਖਾਲਸਾ ਪਰਮਾਤਮਾ ਦੀ ਇਸ ਧਰਤੀ ਉਤੇ ਉਹ ਸਿਧੀ ਫੌਜੀ ਸ਼ਕਤੀ ਹੈ ਜਿਸ ਨੂੰ ਉਸ ਨੇ ਆਪਣੇ ਰਜ਼ਾ ਅੰਦਰ ਪੈਦਾ ਕੀਤਾ ਹੈ। ਗੁਰੂ ਜੀ ਨੇ ਸਿਖ ਕੌਮ ਨੂੰ ਇਹ ਸਪਸ਼ਟ ਕੀਤਾ ਕਿ ਜਦ ਤਕ ਖਾਲਸਾ ਆਪਣ ਨਿਆਰੇਪਨ ਨੂੰ ਕਾਇਮ ਰਖੇਗਾ ਤਦ ਤਕ ਗੁਰੂ ਜੀ ਖਾਲਸੇ ਨੂੰ ਆਪਣਾ ਸਾਰਾ ਬਲ ਦਿੰਦੇ ਰਹਿਣਗੇ, ਪਰ ਜਦੋਂ ਖਾਲਸਾ ਬ੍ਰਾਹਮਣਾਂ ਦੀ ਰੀਤੀ ਤੇ ਚਲੇਗਾ ਤਦ ਗੁਰੂ ਜੀ ਉਸ ਨਾਲ ਕੋਈ ਸੰਬੰਧ ਨਹੀਂ ਰਖਣਗੇ।

ਗੁਰੂ ਜੀ ਰਹਿਤ ਰਖਣ ਵਾਲੇ ਖ਼ਾਲਸੇ ਨੂੰ ਆਪਣਾ ਹੀ ਰੂਪ ਫੁਰਮਾਉਂਦੇ ਹਨ। ਇਸ ਰਹਿਤ ਬਾਰੇ ਕੁਝ ਹੁ ਤੱਥ ਇਸ ਤਰ੍ਹਾਂ ਹਨ :

ਖ਼ਾਲਸਾ ਸੋ ਨਿਰਧਨ ਕੋ ਪਾਲੈ ॥ ਖ਼ਾਲਸਾ ਸੋਇ ਦੁਸ਼ਟ ਕਉ ਗਾਲੈ ॥
ਖ਼ਾਲਸਾ ਸੋਇ ਜੁ ਚੜ੍ਹੇ ਤੁਰੰਗ ॥ ਖ਼ਾਲਸਾ ਸੋਇ ਕਰੈ ਨਿਤ ਜੰਗ ॥
ਤੁਰੰਗ–ਘੋੜਾ [ਰਹਿਤਨਾਮਾ ਭਾਈ ਨੰਦ ਲਾਲ ਜੀ



www.AKJ.Org

ਪਰਨਾਰੀ, ਜੂਆ, ਅਸੱਤ, ਚੋਰੀ, ਮਦਿਰਾ ਜਾਨ ।
ਪਾਂਚ ਐਬ ਯੇ ਜਗਤ ਮੇਂ ਤਜੈ ਸੁ ਸਿੰਘ ਸੁਜਾਨ ।

ਮਦਿਰਾ–ਸ਼ਰਾਬ [ਰਹਿਤਨਾਮਾ ਭਾਈ ਦੇਸਾ ਸਿੰਘ ਜੀ

ਖਾਲਸੇ ਨੂੰ ਉਪਰੋਕਤ ਬੁਰਿਆਈਆਂ ਤੋਂ ਵਰਜਿਆ ਗਿਆ ਹੈ, ਕਿਉਂਕਿ ਇਹ ਬੁਰਿਆਈਆਂ ਗਿਰਾਵਟ ਵਲ ਲੈ ਜਾਂਦੀਆਂ ਹਨ ਤੇ ਅਸਫਲਤਾ ਦਾ ਕਾਰਨ ਹੀ ਬਣਦੀਆਂ ਹਨ ।

ਕੁੱਠਾ ਹੁੱਕਾ ਚਰਸ ਤਮਾਕੂ । ਗਾਂਜਾ ਟੋਪੀ ਤਾੜੀ ਖਾਕੂ ।
ਇਨਕੀ ਓਰ ਨ ਕਬਹੂ ਦੇਖੈ । ਰਹਿਤਵੰਤ ਸੋ ਸਿੰਘ ਵਿਸੇਖੈ ।

ਟੋਪੀ–ਚਿਲਮ [ਰਹਿਤਨਾਮਾ ਭਾਈ ਦੇਸਾ ਸਿੰਘ ਜੀ

ਖਾਲਸੇ ਨੂੰ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਦੀ ਆਗਿਆ ਨਹੀਂ, ਕਿਉਂਕਿ ਨਸ਼ੇ ਸਰੀਰ ਅਤੇ ਦਿਮਾਗ ਦੋਨਾਂ ਲਈ ਹਾਨੀਕਾਰਕ ਹਨ । ਨਸ਼ਈ ਆਦਮੀ ਨਸ਼ੇ ਦਾ ਗੁਲਾਮ ਹੋਣ ਕਰਕੇ ਮੰਜ਼ਲ ਦੀ ਪ੍ਰਾਪਤੀ ਕਰਨ ਦੇ ਅਸਮਰਥ ਹੁੰਦਾ ਹੈ ।

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥ (੧੩੭੪)

ਕੁੱਠਾ ਤੇ ਹੇਰਾ 'ਮਾਸ' ਨੂੰ ਕਿਹਾ ਜਾਂਦਾ ਹੈ, ਜੋ ਕਿ ਖ਼ਾਲਸੇ ਨੂੰ ਖਾਣ ਦੀ ਮਨਾਹੀ ਹੈ ।

ਪੁੰਨ ਸੰਗ ਸਾਰੇ ਪ੍ਰਭੂ ਜਾ ਸੁਨਾਈ । ਬਿਨਾ ਤੇਗ ਤੀਰੰ ਰਹੋ ਨਾਂਹ ਭਾਈ ॥
ਬਿਨਾਂ ਸ਼ਸਤਰ ਕੇਸੰ ਨਰੰ ਭੇਡ ਜਾਨੋ । ਗਹੈ ਕਾਨ ਤਾਂ ਕੋ ਕਿਤੇ ਲੈ ਸਿਧਾਨੋ ॥
ਇਹੈ ਮੋਰ ਆਗਿਆ, ਸੁਨੋ ਹੇ ਪਿਆਰੇ । ਬਿਨਾ ਤੇਗ ਕੇਸੰ ਦਿਵੋਂ ਨ ਦੀਦਾਰੇ ॥
ਇਹੈ ਮੋਰ ਬੈਨਾ ਮੰਨੈ ਸੁ ਜੋਈ । ਤਿਸੈ ਇੱਛ ਪੂਰੀ ਸਭੈ ਜਾਨ ਸੋਈ ॥

[ਭਾਈ ਸੁਖਾ ਸਿੰਘ ਕ੍ਰਿਤ ਗੁਰ ਬਿਲਾਸ ਪਾ: ੧੦

ਗੁਰੂ ਜੀ ਦਾ ਸਿਖਾਂ ਨੂੰ ਸ਼ਸਤਰ-ਧਾਰੀ ਤੇ ਕੇਸਾਧਾਰੀ ਹੋਣ ਦਾ ਅਤੇ ਅਣਖ ਨਾਲ ਜੀਣ ਦਾ ਉਪਦੇਸ਼ ਹੈ । ਜਿਸ ਤਰ੍ਹਾਂ ਭੇਡ ਨੂੰ ਕੰਨ ਤੋਂ ਪਕੜ ਕੇ ਜਿਧਰ ਮਰਜ਼ੀ ਲੈ ਜਾਵੋ, ਇਸੇ ਤਰ੍ਹਾਂ ਸ਼ਸਤਰ-ਹੀਣ ਪੁਰਸ਼ ਵੀ ਭੇਡ ਦੀ ਨਿਆਈਂ ਹੈ । ਸਤਿਗੁਰੂ ਜੀ ਦਾ ਫੁਰਮਾਨ ਹੈ ਕਿ ਸ਼ਸਤਰ-ਹੀਣ ਤੇ ਕੇਸਾਂ ਤੋਂ ਹੀਣ ਪੁਰਸ਼ਾਂ ਨੂੰ ਗੁਰੂ ਜੀ ਦਰਸ਼ਨ ਨਹੀਂ ਦੇਣਗੇ । ਰਹਿਤ ਦੇ ਧਾਰਨੀ ਪੁਰਸ਼ ਦੀਆਂ ਸਾਰੀਆਂ ਇਛਾਵਾਂ ਪੂਰੀਆਂ ਹੋਣਗੀਆਂ ਤੇ ਪਰਮਾਤਮਾ ਸਦਾ ਅੰਗ ਸੰਗ ਹੋਵੇਗਾ ।

ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ :–

ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ ॥੧੩॥ (੪੩੫)

ਨਿਗੁਰਾ, ਭਾਵ, ਜਿਸ ਕਿਸੇ ਨੇ ਗੁਰੂ ਧਾਰਨ ਨਹੀਂ ਕੀਤਾ, ਉਸਦਾ ਤਾਂ ਨਾਉਂ ਲੈਣਾ ਵੀ ਬੁਰਾ ਦੱਸਿਆ ਗਿਆ ਹੈ । ਪਰ ਨਾਲ ਹੀ ਗੁਰੂ ਸਾਹਿਬ ਨੇ ਇਹ ਵੀ ਫੁਰਮਾਇਆ ਹੈ ਕਿ ਪੂਰੇ ਗੁਰੂ ਤੋਂ ਬਿਨਾ ਉਧਾਰ ਵੀ ਨਹੀਂ ਹੋਣਾ । ਪੂਰਾ ਗੁਰੂ ਤਾਂ ਉਹੀ ਹੋ ਸਕਦਾ ਹੈ ਜਿਸ ਨੂੰ ਗੁਰਿਆਈ ਮਿਲੀ ਹੋਵੇ । ਗੁਰਿਆਈ ਦਸਵੇਂ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਤੀ ਹੈ । ਜੇ ਅਸੀਂ ਪੰਜਾਂ ਪਿਆਰਿਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖੰਡੇ ਦਾ ਅੰਮ੍ਰਿਤ ਛਕਾਂਗੇ ਤੇ ਹਿਰਦੇ ਵਿਚ ਸ਼ਬਦ ਦੀ ਕਮਾਈ ਕਰਾਂਗੇ ਤਾਂ ਹੀ ਅਸੀਂ ਕਲਗੀਧਰ ਪਾਤਸ਼ਾਹ ਜੀ ਦੇ ਸਿਖ ਅਖਵਾ ਸਕਦੇ ਹਾਂ ਤੇ ਅਣਖ ਨਾਲ ਜੀਵਨ ਬਤੀਤ ਕਰਨ ਲਈ ਗੁਰੂ ਜੀ ਦੀਆਂ ਦਸੀਆਂ ਬਖਸ਼ਸ਼ਾਂ ਦੇ ਪਾਤਰ ਬਣ ਸਕਦੇ ਹਾਂ ।

['ਗੁਰਬਾਣੀ ਇਸੁ ਜਗ ਮਹਿ ਚਾਨਣੁ' ਵਿਚੋਂ



www.AKJ.Org

# ਗੁਰਬਾਣੀ ਵੀਚਾਰ

[ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਸਰਕਲ, ਸ੍ਰੀ ਅੰਮ੍ਰਿਤਸਰ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਲਫਜ਼ ''ਸਾਧਾਰ'' ਗੁਰਬਾਣੀ ਦੇ ਕਈ ਸ਼ਬਦਾਂ ਵਿਚ ਵਖ ਵਖ ਰੂਪਾਂ ਵਿਚ–ਸਾਧਾਰਾ, ਸਾਧਾਰੈ, ਸਾਧਾਰਿਆ ਆਦਿ–ਮਿਲਦਾ ਹੈ। ਜਿਨ੍ਹਾਂ ਤੁਕਾਂ ਵਿਚ ਇਸ ਸ਼ਬਦ ਦੀ ਵਰਤੋਂ ਮਿਲਦੀ ਹੈ, ਅਸੀਂ ਹੇਠਾਂ ਉਹ ਤੁਕਾਂ ਇਸ ਲਈ ਦੇ ਰਹੇ ਹਾਂ ਤਾਂਕਿ ਇਸ ਲਫਜ਼ ਨੂੰ ਦੀਰਘ ਵੀਚਾਰ ਨਾਲ ਵੇਖ ਕੇ ਅਰਥ-ਭਾਵ ਨੂੰ ਸਮਝਣ ਲਈ ਕਿਸੇ ਸਿਟੇ ਤੇ ਅਪੜ ਸਕੀਏ। ਤੁਕਾਂ ਇਉਂ ਹਨ–

੧) ਤੁਝ ਹੀ ਪੇਖਿ ਪੇਖਿ ਮਨੁ 'ਸਾਧਾਰਾ' ॥੧॥੫॥੧੧॥ (ਸੂਹੀ ਮ: ੫, ਪੰਨਾ ੭੩੯)
੨) ਪ੍ਰਭ ਜੀ ਕੋ ਨਾਮੁ ਮਨਹਿ 'ਸਾਧਾਰੈ' ॥ਰਹਾਉ॥੨॥੭॥ (ਟੋਡੀ ਮ: ੫, ਪੰਨਾ ੭੧੩)
੩) ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ 'ਸਾਧਾਰੈ' ॥੧॥੬॥੩੪॥ (ਸੋਰਠਿ ਮ: ੫, ਪੰਨਾ ੬੧੮)
੪) ਸਿਮਰਤ ਨਾਮੁ ਮਨਹਿ 'ਸਾਧਾਰੈ' ॥੧॥੧॥ (ਕਾਨੜਾ ਮ: ੫, ਪੰਨਾ ੧੨੯੮)
੫) ਦੇਖਿ ਦਰਸਨੁ ਮਨੁ 'ਸਾਧਾਰੈ' ਪਾਪ ਸਗਲੇ ਜਾਹਿ ॥੩॥੨੪॥੯੪॥ (ਸਿਰੀਰਾਗੁ ਮ: ੫, ਪੰਨਾ ੬)
੬) ਬਰਸੁ ਪਿਆਰੇ ਮਨਹਿ 'ਸਧਾਰੇ' ਹੋਇ ਅਨੰਦੁ ਸਦਾ ਮਨਿ ਚਾਉ॥ਰਹਾਉ॥੭॥ (ਮਲਾਰ ਮ: ੫, ੧੨੬੮)
੭) ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ 'ਸਾਧਾਰਿਆ' ॥੪॥੧॥੫॥ (ਸੂਹੀ ਮ: ੪ ਛੰਤ, ਪੰਨਾ ੭੭੬)
੮) ਗੁਰੁ ਡਿਠਾ ਤਾ ਮਨੁ 'ਸਾਧਾਰਿਆ' ॥੭॥ (ਸਤੇ ਬਲਵੰਡ ਦੀ ਵਾਰ, ਪੰਨਾ ੯੬੮)
੯) ਜਾ ਡਿਠਾ ਪੂਰਾ ਸਤਿਗੁਰੂ ਤਾ ਅੰਦਰਹੁ ਮਨੁ 'ਸਾਧਾਰਿਆ' ॥੧੭॥ (ਵਾਰ ਗਉੜੀ ਮ: ੪, ਪੰਨਾ ੩੧੦)
੧੦) ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ 'ਸਾਧਾਰਿਆ' ॥੧॥ (੪॥੧॥) (ਬਿਲਾਵਲੁ ਮ: ੫ ਛੰਤ,ਪੰਨਾ ੮੪੩)
੧੧) ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ 'ਸਾਧਾਰਿਆ' ॥੨॥ (ਬਿਲਾਵਲੁ ਮ: ੫, ਪੰ: ੮੦੭)

'ਸ਼ਬਦਾਰਥ' ਦੇ ਲੇਖਕ ਅਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਆਦਿ ਵਿਦਵਾਨਾਂ ਨੇ ਸਭ ਥਾਈਂ ਹੀ ਇਸ ਸ਼ਬਦ ਦੇ ਅਰਥ ਕੀਤੇ ਹਨ–ਮਨ ਆਸਰੇ ਸਹਿਤ ਹੋ ਗਿਆ, ਮਨ ਧੀਰਜ ਵਾਲਾ ਹੋ ਗਿਆ, ਮਨ ਆਸਰਾ ਫੜ ਲੈਂਦਾ ਹੈ, ਮਨ ਨੂੰ ਧੀਰਜ ਆ ਗਈ, ਮਨ ਟਿਕਾਣੇ ਆ ਗਿਆ, ਆਦਿ।

ਗੁਰਬਾਣੀ ਵਿਚ ਅਨੇਕਾਂ ਥਾਈਂ ਜਿਥੇ ਗੁਰੂ-ਪ੍ਰਭੂ ਦਾ ਦਰਸ-ਮਿਲਾਪ ਹੁੰਦਾ ਹੈ, ਪ੍ਰਭੂ ਦਾ ਨਾਮ ਮਨ ਵਿਚ ਵਸ ਜਾਂਦਾ ਹੈ ਜਾਂ ਨਾਮ-ਸਿਮਰਨ ਦੀ ਵਰਤਦੀ ਕਲਾ ਦਾ ਜ਼ਿਕਰ ਆਉਂਦਾ ਹੈ ਉਥੇ ਮਨ ਦੇ ਖਿੜਨ, ਵਿਗਸਣ, ਸਰਸਣ, ਹਰਸਣ, ਨਿਹਾਲ ਹੋਣ ਆਦਿ ਦਾ ਸੰਕੇਤ ਮਿਲਦਾ ਹੈ, ਜਿਹਾ ਕਿ–

– ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥
ਸਭੁ 'ਤਨੁ ਮਨੁ ਹਰਿਆ ਹੋਇਆ' ਮਨ ਖਿੜਿਆ ਹਰਿਆ ਬਾਗੁ ॥੧॥੧॥ (੮੪੯)
– ਸਾਚੇ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥
ਜਿਤੁ ਸੁਣੀ 'ਮਨੁ ਤਨੁ ਹਰਿਆ ਹੋਆ' ਰਸਨਾ ਰਸਿ ਸਮਾਣੀ ॥੩੭॥ (੯੨੨)
– ਸਭੁ 'ਤਨੁ ਮਨੁ ਹਰਿਆ ਹੋਇਆ' ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥ (੪੧)
– 'ਤਨੁ ਮਨੁ ਹਰਿਆ ਹੋਇਆ' ਸਿਮਰਤ ਅਗਮ ਅਪਾਰਾ ॥੨॥੩੬॥ (੧੨੫੧)
– 'ਮਨੁ ਤਨੁ ਹਰਿਆ' ਸਹਜਿ ਸੁਭਾਇ ॥ ਨਾਨਕ ਨਾਮਿ ਰਹੇ ਲਿਵ ਲਾਇ ॥੪॥੪॥ (੧੧੭੩)
– 'ਮਨੁ ਤਨੁ ਹਰਿਆ' ਸਤਿਗੁਰ ਭਾਇ ॥੧॥੬॥ (੧੧੭੩)
– 'ਮਨੁ ਤਨੁ ਹਰਿਆ' ਰਵਿ ਗੁਣ ਗੁਵਿੰਦ ॥੩॥੫॥ (੧੧੭੩)
– ਨਾਨਕ ਨਾਮੁ ਮਿਲੈ ਤਾਂ ਜੀਵਾਂ 'ਤਨੁ ਮਨੁ ਥੀਵੈ ਹਰਿਆ' ॥੧॥ (੧੪੨੯)
– ਤੁਧੁ ਆਵਤ ਮੇਰਾ 'ਮਨੁ ਤਨੁ ਹਰਿਆ' ਹਰਿ ਜਸੁ ਤੁਮ ਸੰਗਿ ਗਾਵਣਾ ॥੧॥ (੧੦੮੮)



www.AKJ.Org

– 'ਤਨੁ ਮਨੁ ਹੋਇ ਨਿਹਾਲੁ' ਜਾ ਗੁਰੁ ਦੇਖਾ ਸਾਮ੍ਹਣੇ ॥੧॥ (੭੫੮)
– ਸਭੇ ਥੋਕ ਵਿਸਾਰਿ ਇਕੋ ਮਿਤੁ ਕਰਿ ॥ 'ਤਨੁ ਮਨੁ ਹੋਇ ਨਿਹਾਲੁ' ਪਾਪਾ ਦਹੈ ਹਰਿ ॥੨੦॥ (੧੦੯੩)
– 'ਤਨੁ ਮਨੁ ਹੋਇ ਨਿਹਾਲੁ' ਬਿੰਦਕੁ ਨਦਰਿ ਝਾਕੁ ॥੫॥ (੯੫੯)
– ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ 'ਮਨਿ ਪਰਗਾਸੁ' ॥੧॥੨੩॥ (੨੯੩)

ਆਮ ਕਹਿੰਦੇ ਹੁੰਦੇ ਹਾਂ ਕਿ ਦਰਸ਼ਨ ਕਰ ਕੇ ਮਨ ਤਨ ਖਿੜ ਗਿਆ ਹੈ ਜੀ, ਨਿਹਾਲ ਹੋ ਗਏ ਹਾਂ ਜੀ। ਇਸੇ ਤਰ੍ਹਾਂ ਹਰੀ ਹਰੀ ਨਾਮ ਦੀ ਹਿਰਦੇ ਵਿਚ ਲਿਵ ਲਗਣ ਨਾਲ, ਅੰਮ੍ਰਿਤ ਬਾਣੀ ਦੇ ਸੁਣਨ ਨਾਲ, ਹਰੀ ਮਨ ਵਿਚ ਵਸਣ ਨਾਲ, ਅਗਮ ਅਪਾਰ ਪ੍ਰਭੂ ਨੂੰ ਸਿਮਰਦਿਆਂ, ਸਤਿਗੁਰੂ ਦੀ ਪ੍ਰੀਤੀ ਪਾਉਣ ਨਾਲ, ਨਾਮ ਦੀ ਪ੍ਰਾਪਤੀ ਨਾਲ ਮਨ ਤਨ ਹਰਾ ਹੋ ਜਾਂਦਾ ਹੈ, ਅੰਦਰ ਬਾਹਰ ਖਿੜ ਜਾਂਦਾ ਹੈ। ਫਿਰ ਇਸੇ ਤਰ੍ਹਾਂ ਹੀ ਸਤਿਗੁਰੂ ਜੀ ਦੇ ਪਰਤੱਖ ਦਰਸ਼ਨ ਕਰਨ ਨਾਲ, ਇਕੋ ਪ੍ਰਭੂ ਨੂੰ ਮਿਤਰ ਬਣਾਉਣ ਨਾਲ, ਉਸ ਦੀ ਰਤਾ ਕੁ ਕਿਰਪਾ-ਦ੍ਰਿਸ਼ਟੀ ਦੀ ਝਾਕਣੀ ਨਾਲ ਨਿਹਾਲੋ-ਨਿਹਾਲ ਹੋ ਜਾਈਦਾ ਹੈ। ਫਿਰ ਹੋਰ ਵੇਖੋ, ਪ੍ਰਭੂ ਦੀ ਕਿਰਪਾ ਨਾਲ ਗੁਰੂ ਦੇ ਮਿਲਾਪ ਹੋ ਕੇ ਮਨ ਵਿਚ ਪ੍ਰਕਾਸ਼ ਹੋ ਜਾਂਦਾ ਹੈ।

ਲੇਖ ਦੇ ਅਰੰਭ ਵਿਚ ਗੁਰਬਾਣੀ ਵਿਚੋਂ ਦਿਤੀਆਂ ਇਸ ਤਰ੍ਹਾਂ ਦੀਆਂ ੧੧ ਤੁਕਾਂ ਵਿਚ 'ਸਾਧਾਰ' ਸ਼ਬਦ ਨੂੰ ਮਨ ਦੇ ਨਾਲ ਜੁੜਿਆ ਵੇਖ ਕੇ ਵੀਚਾਰ ਪੈਦਾ ਹੁੰਦੀ ਹੈ ਕਿ ਇਸ ਦੇ ਅਰਥ-ਭਾਵ ਵੀ "ਹਰਾ ਭਰਾ ਹੋਣ" ਦੇ ਮਿਲਣੇ ਚਾਹੀਦੇ ਹਨ। ਫਿਰ ਜਦੋਂ ਤਿੰਨ ਨੰਬਰ ਤੁਕ ਵਿਚ 'ਸੂਕਾ ਮਨੁ ਸਾਧਾਰੈ' ਸਾਹਮਣੇ ਆਉਂਦਾ ਹੈ ਤਾਂ ਸੋਚ ਵਿਚ ਪਈਦਾ ਹੈ ਕਿ ਸੁੱਕਾ ਮਨ ਤਾਂ ਵਾਹਿਗੁਰੂ ਦੀ ਕਿਰਪਾ ਕਟਾਖ ਦੁਆਰਾ ਹਰਿਆ ਹੀ ਹੁੰਦਾ ਹੈ, ਨਿਰਾ ਆਸਰਾ ਮਿਲਣ ਦੀ ਗੱਲ ਨਹੀਂ।

ਇਸ ਖੋਜ ਵਿਚ ਭਾਈ ਕਾਨ੍ਹ ਸਿੰਘ ਜੀ ਨਾਭਾ ਦਾ 'ਮਹਾਨ ਕੋਸ਼' ਅਗਵਾਈ ਦੇਂਦਾ ਹੈ। ਉਸ ਵਿਚ ਇਨ੍ਹਾਂ ਲਫਜ਼ਾਂ ਦੇ ਅਰਥ-ਭਾਵ ਇਉਂ ਦਿਤੇ ਹੋਏ ਹਨ–

(੧) ਸਾਧਾਰ–ਸ-ਆਧਾਰ। ਆਧਾਰ ਨਾਮ ਸੰਸਕ੍ਰਿਤ ਵਿਚ ਆਲ ਬਾਲ ਦਾ ਹੈ, ਜੋ ਬੂਟੇ ਦੇ ਚਾਰੇ ਪਾਸੇ ਜਲ ਠਹਿਰਾਉਣ ਨੂੰ ਕਹੀਦਾ ਹੈ। ਸ-ਆਧਾਰ, ਅਧਾਰ ਸਹਿਤ, ਆਲ-ਬਾਲ ਸਹਿਤ, (ਭਾਵ, ਜਲ ਦੇਣਾ)। ਫਿਰ ਅਗੇ 'ਮਹਾਨ ਕੋਸ਼' ਨੇ ਉਦਾਹਰਣ ਲਈ ਤੁਕ ਵੀ ਇਹੋ ਦਿਤੀ ਹੈ "ਸੂਕਾ ਮਨੁ ਸਾਧਾਰੈ"।

(੨) ਸਧਾਰ–ਸ-ਆਧਾਰ, ਆਧਾਰ ਸਹਿਤ, (ਆਲ-ਬਾਲ ਸਹਿਤ), "ਬਰਸੁ ਪਿਆਰੇ ਮਨਹਿ ਸਧਾਰੇ" (ਮਲਾਰ ਮ: ੫) ਪ੍ਰਸੰਨ (ਖੁਸ਼) ਕਰਨ ਵਾਲੇ।

'ਮਹਾਨ ਕੋਸ਼' ਦੇ ਉਪਰੋਕਤ ਅਰਥਾਂ ਦੀ ਰੌਸ਼ਨੀ ਵਿਚ ਸਪਸ਼ਟ ਹੁੰਦਾ ਹੈ ਕਿ–ਇਸਦੇ ਸੰਸਕ੍ਰਿਤ ਵਿਚਲੇ ਅਰਥ ਹਨ ਆਲ ਬਾਲ ਸਹਿਤ, ਜਿਸ ਦਾ ਭਾਵ ਹੈ ਕਿ ਬੂਟੇ ਦੇ ਚਾਰੇ ਪਾਸੇ ਜਲ ਠਹਿਰਾਉਣਾ, ਭਾਵ ਪਾਣੀ ਦੇਣਾ, ਜਿਸ ਤੋਂ ਮੁਰਾਦ ਹੈ ਕਿ ਸੁੱਕ ਰਹੇ ਬੂਟੇ ਨੂੰ ਪਾਣੀ ਦੇ ਕੇ ਹਰਿਆ ਭਰਿਆ ਰਖਣਾ। ਇਨ੍ਹਾਂ ਅਰਥਾਂ ਦੀ ਰੌਸ਼ਨੀ ਵਿਚ ਹੁਣ ਅਸੀਂ ਉਪਰ ਦਿਤੀਆਂ ਤੁਕਾਂ ਨੂੰ ਵਿਚਾਰੀਏ ਤਾਂ ਅਰਥ-ਭਾਵ ਇਉਂ ਬਣਦੇ ਹਨ–

੧) ਤੈਨੂੰ ਵੇਖ ਵੇਖ ਕੇ ਹੀ ਮਨ ਹਰਾ ਭਰਾ ਹੋ ਜਾਂਦਾ ਹੈ, ਖਿੜ ਜਾਂਦਾ ਹੈ।
੨) ਪ੍ਰਭੂ ਜੀ ਦਾ ਨਾਮ ਮਨ ਨੂੰ ਹਰਾ-ਭਰਾ ਕਰਦਾ ਹੈ।
੩) (ਸਤਿਗੁਰੂ) ਜਨਮ-ਜਨਮਾਂਤਰਾਂ ਦੇ ਦੁਖ ਕਟ ਦੇਂਦਾ ਹੈ ਅਤੇ ਸੁੱਕੇ ਮਨ ਨੂੰ ਹਰਿਆ ਭਰਿਆ ਕਰ ਦੇਂਦਾ ਹੈ।
੪) ਨਾਮ ਸਿਮਰਨ ਨਾਲ, ਭਾਵ, ਨਾਮ ਦਾ ਸਿਮਰਨ ਮਨ ਨੂੰ ਖਿੜਾ ਦਿੰਦਾ ਹੈ।
੫) ਦਰਸ਼ਨ ਦੇਖ ਕੇ ਮਨ ਹਰਾ ਭਰਾ ਹੋ ਜਾਂਦਾ ਹੈ ਅਤੇ ਸਾਰੇ ਪਾਪ ਨਾਸ ਹੋ ਜਾਂਦੇ ਹਨ।
੬) ਹੇ ਮਨ ਨੂੰ ਹਰਾ ਭਰਾ ਕਰਨ ਵਾਲੇ (ਸਤਿਗੁਰੂ)! (ਨਾਮ ਜਲ ਦੀ) ਬਰਖਾ ਕਰ, ਤਾਂਕਿ ਅਨੰਦ ਬਣ ਜਾਏ ਅਤੇ ਮਨ ਵਿਚ ਸਦਾ ਚਾਅ-ਉਤਸ਼ਾਹ ਬਣਿਆ ਰਹੇ।


www.AKJ.Org

੭) ਮੇਰੇ ਅੰਦਰ ਪ੍ਰੇਮ ਦੀ ਵੇਦਨਾ ਹੈ, ਬਿਰਹੋਂ ਦੀ ਪੀੜਾ ਹੈ; ਸਤਿਗੁਰੂ ਨੂੰ ਦੇਖ ਕੇ ਹੀ ਮਨ ਖਿੜ ਸਕਦਾ ਹੈ।

੮) ਜਦੋਂ ਗੁਰੂ ਦੇ ਦਰਸ਼ਨ ਕੀਤੇ ਤਾਂ ਮਨ ਖਿੜ ਗਿਆ, ਹਰਾ ਭਰਾ ਹੋ ਗਿਆ।

੯) ਜਦੋਂ ਪੂਰੇ ਸਤਿਗੁਰੂ ਦੇ ਦਰਸ਼ਨ ਕੀਤੇ ਤਾਂ ਮਨ ਅੰਦਰੋਂ ਖਿੜ ਗਿਆ।

੧੦) 'ਨਾਨਕ' ਮੁਹਰ-ਛਾਪ ਨਾਲ ਸਤਿਗੁਰੂ ਜੀ ਫੁਰਮਾਂਦੇ ਹਨ ਕਿ ਸੁੰਦਰੀ, ਸੋਹਣੇ ਗੁਣਾਂ ਵਾਲੀ, ਅਤੇ ਨਵੇਲ, ਪਵਿਤਰ ਆਚਰਨ ਵਾਲੀ ਜੀਵ-ਇਸਤ੍ਰੀ ਪ੍ਰਭੂ-ਪਤੀ ਦੇ ਦਰਸ਼ਨ ਕਰ ਕੇ ਖਿੜ ਜਾਂਦੀ ਹੈ।

੧੧ਵੀਂ ਤੁਕ ਦੇ ਅਰਥ ਵਿਚਾਰਨ ਲਗਿਆਂ ਸਾਰਾ ਸ਼ਬਦ ਸਾਹਮਣੇ ਰਖ ਲਈਏ ਤਾਂ ਗੱਲ ਹੋਰ ਵੀ ਨਿਖਰ ਕੇ ਸਾਹਮਣੇ ਆ ਜਾਂਦੀ ਹੈ। ਸ਼ਬਦ ਇਉਂ ਹੈ—

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਾਰਿਆ ॥
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥੧॥
ਕਾਰਜੁ ਸਤਿਗੁਰਿ ਆਪਿ ਸਵਾਰਿਆ ॥
ਵਡੀ ਆਰਜਾ ਹਰਿਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ ॥੧॥ਰਹਾਉ॥
ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥
ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥੨॥੫॥੨੩॥

ਸਾਫ਼ ਦਿਸ ਰਿਹਾ ਹੈ ਕਿ ਬਾਲਕ ਹਰਿਗੋਬਿੰਦ ਜੀ ਦੇ ਭਿਆਨਕ ਸੀਤਲਾ ਰੋਗ ਤੋਂ ਰਾਜ਼ੀ ਹੋਣ ਸਮੇਂ, ਸਤਿਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਇਹ ਸ਼ਬਦ ਉਚਾਰਨ ਕੀਤਾ ਅਤੇ ਪਰਵਾਰ ਵਿਚ ਤੇ ਸਿਖ ਸੰਗਤਾਂ ਵਿਚ ਹਰ ਪਾਸੇ ਅਨੰਦੇ ਮੰਗਲ ਮਨਾਏ ਜਾਣ ਦਾ ਜ਼ਿਕਰ ਕੀਤਾ ਹੈ। ਅਰਥ ਸਪੱਸ਼ਟ ਹਨ—

ਪਰਮੇਸ਼ਰ ਨੇ ਹਰ ਤਰ੍ਹਾਂ ਦਾ ਅਨੰਦ ਕਰ ਦਿਤਾ ਹੈ, (ਸੇਵਕਾਂ ਦੀ ਪੈਜ ਰਖਣ ਦਾ) ਆਪਣਾ ਬਿਰਦ ਪਾਲਿਆ ਹੈ। ਆਪਣੇ ਸੰਤ ਜਨਾਂ ਤੇ ਪ੍ਰਭੂ ਕਿਰਪਾਲ ਹੋਇਆ ਹੈ ਅਤੇ ਸਾਰੇ ਪਰਵਾਰ ਭਾਵ, ਸਿਖ ਸੰਤ ਅਨੰਦਤ ਹੋ ਗਏ ਹਨ।੧।

(ਮੇਰੇ) ਸਤਿਗੁਰੂ ਨੇ ਆਪ ਹੀ ਕਾਰਜ ਸਵਾਰ ਦਿਤਾ ਹੈ ਅਤੇ ਹਰਿਗੋਬਿੰਦ ਦੀ ਆਯੂ ਲੰਬੀ ਕਰ ਦਿਤੀ ਹੈ। ਸਾਰੇ (ਮਨ ਚਿੰਦੇ) ਸੁਖ, ਅਨੰਦ-ਮੰਗਲ ਤੇ ਖੁਸ਼ੀਆਂ ਦੀ ਪ੍ਰਾਪਤੀ ਹੋ ਗਈ ਹੈ।੧।ਰਹਾਉ।

(ਪਰਮਾਤਮਾ ਦੀ ਕਿਰਪਾ ਨਾਲ) ਜੰਗਲ, ਬਨਾਸਪਤੀ ਦੇ ਸਭ ਬ੍ਰਿਛ-ਬੂਟੇ ਅਤੇ ਤਿੰਨੇ ਭਵਣ ਹਰੇ ਭਰੇ ਹੋ ਰਹੇ ਹਨ ਤੇ ਸਭ ਜੀਅ-ਜੰਤ ਖਿੜ ਗਏ ਹਨ, ਭਾਵ ਪ੍ਰਸੰਨਤਾ ਵਿਚ ਆ ਰਹੇ ਹਨ। 'ਨਾਨਕ' ਮੁਹਰ-ਛਾਪ ਨਾਲ ਸਤਿਗੁਰੂ ਜੀ ਫੁਰਮਾਂਦੇ ਹਨ ਕਿ ਮਨ-ਮੰਗੇ ਫਲ (ਉਸ ਪ੍ਰਭੂ ਦੀ ਕਿਰਪਾ ਨਾਲ) ਪਾ ਲਏ ਹਨ, ਜਿਹੜਾ ਕਿ ਸਾਰੀਆਂ ਕਾਮਨਾਂ ਪੂਰੀਆਂ ਕਰਨ ਵਾਲਾ ਹੈ।੨।੫।੨੩।

ਸੋ ਉਪਰੋਕਤ ਵਿਚਾਰ ਤੋਂ ਸਿਧ ਹੁੰਦਾ ਹੈ ਕਿ 'ਸਾਧਾਰ' ਲਫਜ਼ ਦੇ ਅਰਥ ਜਿਥੇ 'ਆਸਰੇ ਸਹਿਤ' ਬਹੁਤ ਥਾਈਂ ਆਉਂਦਾ ਹੈ, ਉਥੇ ਇਸ ਸ਼ਬਦ ਦੇ ਅਰਥ 'ਹਰਾ ਭਰਾ ਹੋਣਾ' 'ਖਿੜ ਜਾਣਾ' ਭੀ ਕਈ ਥਾਈਂ ਵੇਖੇ ਜਾ ਸਕਦੇ ਹਨ।


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸੰਤ ਪਦ ਨਿਰਣਯ | ੬-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਰੰਗਲੇ ਸਜਣ ੭-੦੦ ਗੁਰਮਤਿ ਬਿਬੇਕ | ੭-੫੦ |
| ਅਣਡਿਠੀ ਦੁਨੀਆ | ੧੦-੦ | ਦਰਸ਼ਨ ਝਲਕਾਂ | ੫-੦੦ |
| ਵਾਹਿਗੁਰੂ ਸਿਮਰਨ | ੦-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਉਮਰ ਕੈਦੀ ਦਾ ਸੁਪਨਾ | ੦-੭੫ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਬਾਬਾ ਵੈਦ ਰੋਗੀਆਂ ਦਾ | ੦-੬੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿਘ | ੦-੨੫ |
| ਸਿੱਖੀ ਸਿਦਕ ਤੇ ਧਰਮ ਰੱਖਿਆ (ਕਾਵਿ) | ੦-੬੦ | ਜਥੇ ਦੇ ਸਿੰਘਾਂ ਦੀ ਦਾਸਤਾਨ (ਕਾਵਿ) | ੦-੮੦ |


www.AKJ.Org

# ਰੰਗਲੇ ਸਜਣ ਪ੍ਰੋ: ਠਾਕਰ ਸਿੰਘ ਜੀ

ਪ੍ਰੋਫੈਸਰ ਠਾਕਰ ਸਿੰਘ ਜੀ ਬੜੇ ਭਾਗਾਂ ਵਾਲੇ ਪੁਰਸ਼ ਹੋਏ ਹਨ, ਜਿਨ੍ਹਾਂ ਨੇ ਰਜ ਰਜ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਮਾਨਯਵਰ ਬਾਊ ਮੱਲ ਸਿੰਘ ਜੀ ਦੀ ਸੰਗਤ ਵਿਚ ਅਨੰਦ-ਰਸ ਮਾਣੇ ਅਤੇ ਉਹਨਾਂ ਤੋਂ ਖੁਸ਼ੀਆਂ ਪ੍ਰਾਪਤ ਕਰਦੇ ਰਹੇ।

ਸ੍ਰੀਮਾਨ ਬਾਊ ਮੱਲ ਸਿੰਘ ਜੀ ਦੇ ਵਡੇ ਭਰਾਤਾ, ਜਥੇਦਾਰ ਵਰਿਆਮ ਸਿੰਘ ਜੀ ਦੇ ਘਰ ਜਨਮ ਲੈ ਕੇ ਬਚਪਨ ਤੋਂ ਹੀ ਆਪ ਗੁਰਮਤੀ ਮਾਹੌਲ ਵਿਚ ਵਧੇ-ਫੁਲੇ ਤੇ ਪੁੰਗਰੇ। ੧੯੧੪ ਵਿਚ ਭਾ: ਸਾ: ਰਣਧੀਰ ਸਿੰਘ ਜੀ ਦੇ ਜਥੇ ਤੋਂ ਅੰਮ੍ਰਿਤ ਪਾਨ ਕਰ ਕੇ 'ਗੁਰਸਿਖ ਰਹਿਤ ਰਹਿਣੀ' ਨੂੰ ਨਿਭਾਉਣ ਲਈ ਅੰਤ ਸਮੇਂ ਤਕ ਖ਼ੂਬ ਪਹਿਰਾ ਦਿਤਾ। ਹਾਕੀ ਟੀਮ ਦੇ ਕਪਤਾਨ ਹੋਣ ਕਰਕੇ ਦੂਰ ਨੇੜੇ ਸ਼ਹਿਰਾਂ ਵਿਚ ਅੰਗਰੇਜ਼ ਅਫਸਰਾਂ ਨਾਲ ਵੀ ਹਾਕੀ ਮੈਚ ਖੇਡਦਿਆਂ ਕਿਰਪਾਨ ਨੂੰ ਆਪਣੇ ਅੰਗ ਸੰਗ ਰਖਿਆ। ਰਹਿਤ ਰਹਿਣੀ ਵਿਚ ਢਿਲਿਆਈ ਕਦੇ ਨਹੀਂ ਹੋਣ ਦਿਤੀ। ਭਾਈ ਸਾਹਿਬ ਦੀਆਂ ਅਸੀਸਾਂ ਸਦਕਾ ਗੌਰਮਿੰਟ ਕਾਲਜ ਲੁਧਿਆਣਾ ਵਿਚ ਚੰਗੀ ਪੋਸਟ ਮਿਲ ਗਈ, ਜਿਥੇ ੨੭ ਸਾਲ ਦੀ ਸਰਵਿਸ ਪਿਛੋਂ ਰੀਟਾਇਰ ਹੋਏ। ਬਾਅਦ ਵਿਚ ੧੯ ਸਾਲ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਸਰਵਿਸ ਕੀਤੀ ਅਤੇ ਇਥੋਂ ਵੇਹਲੇ ਹੋ ਕੇ ਆਪਣੇ ਪਿਤਾ ਜੀ ਦੀ ਅੰਤਲੇ ਸਾਲਾਂ ਵਿਚ ਖੂਬ ਰਜ ਕੇ ਸੇਵਾ ਕੀਤੀ, ਅੰਮ੍ਰਿਤ ਵੇਲੇ ਇਕ ਵਜੇ ਇਸ਼ਨਾਨ ਕਰਾਉਣੇ, ਫਿਰ ਰਲ ਕੇ ਕੀਰਤਨ ਕਰਨਾ ਤੇ ਨਿਤਨੇਮ ਤੇ ਹੋਰ ਬਾਣੀਆਂ ਦੇ ਪਾਠ ਦੇ ਅਨੰਦ ਮਾਣਨੇ। ਪਿਤਾ ਜੀ ਦੀ ੧੦੩ ਸਾਲ ਦੀ ਆਯੂ ਤਕ ਖਿੜੇ ਮੱਥੇ ਸੇਵਾ ਨਿਭਾ ਕੇ ਉਹਨਾਂ ਤੋਂ ਅਸੀਸਾਂ ਪ੍ਰਾਪਤ ਕਰਦੇ ਰਹੇ। ਇਸੇ ਤਰ੍ਹਾਂ ਮਾਨਯੋਗ ਬਾਊ ਮੱਲ ਸਿੰਘ ਜੀ ਦੇ ਅੰਤ ਸਮੇਂ, ੧੦੦ ਸਾਲ ਦੀ ਆਯੂ ਤਕ ਉਹਨਾਂ ਦਾ ਵੀ ਖ਼ੂਬ ਸਾਥ ਨਿਭਾਇਆ, ਸੇਵਾ ਕੀਤੀ ਅਤੇ ਖੁਸ਼ੀਆਂ ਪ੍ਰਾਪਤ ਕੀਤੀਆਂ।

ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਬਖ਼ਸ਼ਿਸ਼ਾਂ ਸਦਕਾ ਜਦੋਂ ਗੌਰਮਿੰਟ ਕਾਲਜ ਲੁਧਿਆਣੇ ਡਾਇਰੈਕਟਰ ਆਫ਼ ਫ਼ਿਜ਼ੀਕਲ ਐਜੂਕੇਸ਼ਨ ਲਗ ਗਏ ਤਾਂ ਓਦੋਂ ਹਰ ਸਨਿਚਰਵਾਰ ਪਿਛਲੇ ਪਹਿਰ ਸਾਈਕਲ ਤੇ ਸੋਲ੍ਹਾਂ ਮੀਲ ਪੈਂਡਾ ਮਾਰ ਕੇ ਨਾਰੰਗਵਾਲ ਭਾਈ ਸਾਹਿਬ ਜੀ ਪਾਸ ਪੁਜ ਜਾਣਾ ਅਤੇ ਸ਼ਾਮ ਦਾ ਸੋਦਰ, ਐਤਵਾਰ ਅੰਮ੍ਰਿਤ ਵੇਲੇ ਦਾ ਅਨੰਦ, ਕੀਰਤਨ ਅਤੇ ਫਿਰ ਸ਼ਾਮ ਦੇ ਪ੍ਰੋਗਰਾਮ ਦੇ ਅਨੰਦ-ਰਸ ਭੁੰਚਣੇ। ਸੋਮਵਾਰ ਨੂੰ ਅੰਮ੍ਰਿਤ ਵੇਲੇ ਸੱਚੇ ਪਾਤਸ਼ਾਹ ਦੇ ਹੁਕਮਨਾਮੇ ਸੁਣ ਕੇ ਵਾਪਸ ਸਾਈਕਲ ਤੇ ਹੀ ਕਾਲਜ ਨੂੰ ਪਰਤਣਾ।

ਇਸ ਸਮੇਂ ਦੀ ਇਕ ਵਾਰਤਾ ਪ੍ਰੋ: ਠਾਕਰ ਸਿੰਘ ਜੀ ਆਪ ਇਉਂ ਬਿਆਨ ਕਰਦੇ ਹਨ—"ਇਕ ਵਾਰੀ ਕਤਕ ਪੂਰਨਮਾਸ਼ੀ ਗੁਰਪੁਰਬ ਸਮੇਂ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਰਾਸ਼ਨ ਵਿਚ ਹਿੱਸਾ ਪਾਉਣ ਲਈ ਦਾਸ ਨੂੰ ਆਗਿਆ ਦਿਤੀ ਜਾਵੇ। ਬਹੁਤ ਖੁਸ਼ ਹੋ ਕੇ ਕਹਿਣ ਲਗੇ, 'ਗੁਰਪੁਰਬ ਤੇ ਆਉਂਦੇ ਹੋਏ ਸਾਈਕਲ ਤੇ ਖੰਡ ਚਾਵਲ ਬੰਨ੍ਹ ਲਿਆਉਣੇ।' ਜਦੋਂ ਮੈਂ ਨਾਰੰਗਵਾਲ ਨੂੰ ਛੇ ਵਜੇ ਸ਼ਾਮ ਜਾਣ ਲਈ ਕਮਰਕਸੇ ਕਰ ਲਏ ਅਤੇ ਸਾਈਕਲ ਤੇ ਤਕਰੀਬਨ ਇਕ ਮਣ ਸਮਾਨ ਬੰਨ੍ਹ ਲਿਆ ਤਾਂ ਲੁਧਿਆਣੇ ਮਿਲਰਗੰਜ ਵਿਚ ਹੀ ਚਲ ਰਿਹਾ ਸਾਂ ਕਿ ਸਾਹਮਣੇ ਪਾਸੇ ਤੋਂ ਇਤਨੀ ਸਖ਼ਤ ਕਾਲੀ ਹਨੇਰੀ ਆਈ ਕਿ ਤਿੰਨ ਘੰਟੇ ਉਥੇ ਹੀ ਅਟਕਣਾ ਪਿਆ। ਸਾਢੇ ਨੌਂ ਵਜੇ ਰਾਤ ਬੜੀ ਮੁਸ਼ਕਲ ਨਾਲ ਚਲਣ ਦੀ ਕੋਸ਼ਿਸ਼ ਕੀਤੀ। ਦਿਲ ਵਿਚ ਚਾਅ ਸੀ ਕਿ ਹਰ ਹਾਲਤ ਵਿਚ ਇਹ ਰਾਸ਼ਨ ਰਾਤ ਰਾਤ ਨਾਰੰਗਵਾਲ ਪੁਚਾਣਾ ਹੈ। ਸੋ ਸਾਹਮਣੀ ਹਵਾ ਦੇ ਬਾਵਜੂਦ, ਕੈਂਦ ਬੂਲ ਵਾਲੇ ਪੁਲ ਤੇ ਸਰਹਿੰਦ ਨਹਿਰ ਤਕ, ਜੋ ਨਾਰੰਗਵਾਲ ਦੇ ਲਾਗੇ ਦੀ ਜਾਂਦੀ ਹੈ, ਦਸ ਮੀਲ ਦਾ ਫ਼ਾਸਲਾ ਬੜੀ ਮੁਸ਼ਕਲ ਨਾਲ ਤਹਿ ਕਰ ਕੇ ਢਾਈ ਘੰਟੇ ਵਿਚ ਬਾਰ੍ਹਾਂ ਵਜੇ ਰਾਤ ਪੁਜਾ। ਕਤਕ ਪੂਰਨਮਾਸ਼ੀ ਦੇ ਚੰਦ ਦੀ ਚਾਨਣੀ ਬਹੁਤ ਅਛੀ ਸੀ, ਪਰ ਉਸ ਵਕਤ ਸਾਰੀ ਦੁਨੀਆ ਸੁਤੀ ਪਈ ਸੀ ਤੇ ਨਾਰੰਗਵਾਲ ਅਜੇ ਛੇ ਮੀਲ ਅਗੇ ਸੀ। ਸੋ ਨਹਿਰ ਦੀ ਪਟੜੀ ਪਟੜੀ ਚਲ ਪਿਆ। ਪਰ ਇਹ ਨਾ ਪਤਾ ਲਗ ਸਕੇ ਕਿ ਨਾਰੰਗਵਾਲ ਪਿੰਡ ਕਿਥੇ ਕੁ ਹੈ। ਜਾਂਦੇ ਜਾਂਦੇ ਅਖ਼ੀਰ ਤੇ ਇਕ ਲਾਲਟੈਨ ਦੀ ਰੋਸ਼ਨੀ ਨਜ਼ਰ ਆਈ। ਇਹ ਖਿਆਲ ਕਰਕੇ ਕਿ ਇਸ ਪਿੰਡ ਪੁਜ ਕੇ ਨਾਰੰਗਵਾਲ ਦਾ ਪਤਾ ਕਰ ਲਵਾਂਗਾ, ਨਹਿਰ ਦੀ ਪਟੜੀ ਛਡ ਕੇ ਸਿਧਾ ਡਾਂਡੇ-ਮੀਂਡੇ ਸਾਈਕਲ ਵਾਹਣ



www.AKJ.Org

ਵਿਚ ਦੀ ਪਾ ਲਿਆ ਤੇ ਉਤਰ ਕੇ ਸਾਈਕਲ ਨਾਲ ਉਸ ਰੌਸ਼ਨੀ ਵਲ ਚਲ ਪਿਆ। ਸਾਈਕਲ ਪਿਛੇ ਕਾਫ਼ੀ ਵਜ਼ਨ ਬੱਧਾ ਹੋਣ ਕਰਕੇ ਟੁਰਨਾ ਕਾਫ਼ੀ ਮੁਸ਼ਕਲ ਸੀ। ਥੋੜੀ ਦੂਰ ਹੀ ਗਿਆ ਸੀ ਕਿ ਗਠੜੀ ਵਿਚੋਂ ਚੌਲ ਕਿਰਨ ਲਗ ਪਏ। ਉਥੇ ਠਹਿਰ ਕੇ ਸਭ ਕੁਛ ਠੀਕ ਕੀਤਾ ਅਤੇ ਸਚੇ ਪਾਤਸ਼ਾਹ ਤੇ ਭਾਈ ਸਾਹਿਬ ਜੀ ਹੋਰਾਂ ਨੂੰ ਯਾਦ ਕੀਤਾ। ਇੰਨੇ ਨੂੰ ਲਾਲਟੈਣ ਵਾਲਾ ਲਾਗੇ ਆ ਪੁਜਾ। ਪੁਛਿਆ ਤਾਂ ਉਹ ਸਜਣ ਕਹਿਣ ਲਗਾ ਕਿ ਇਹੋ ਹੀ ਨਾਰੰਗਵਾਲ ਹੈ। ਨਾਲ ਹੀ ਬੋਲਿਆ ਕਿ ਭਾਈ ਸਾਹਿਬ ਜੀ ਦੇ ਘਰ ਗੁਰਪੁਰਬ ਦਾ ਸਮਾਗਮ ਹੈ, ਮੈਂ ਤੁਹਾਨੂੰ ਘਰ ਛਡ ਆਵਾਂਗਾ। ਜਦੋਂ ਘਰ ਪੁਜਾ, ਦਰਵਾਜ਼ਾ ਖੁਲ੍ਹਾ ਸੀ, ਦੋ ਵਜੇ ਦਾ ਵਕਤ ਸੀ ਅਤੇ ਭਾਈ ਸਾਹਿਬ ਤੇ ਮਾਨਯੋਗ ਬਾਊ ਜੀ ਦੋਵੇਂ ਉਪਰ ਛਤ ਤੇ ਬੈਠੇ ਉਡੀਕ ਕਰ ਰਹੇ ਸਨ। ਬਾਊ ਜੀ ਨੇ ਉਹਨਾਂ ਨੂੰ ਬੇਨਤੀ ਕੀਤੀ ਸੀ ਕਿ 'ਉਸ ਨੇ ਆ ਹੀ ਜਾਣਾ ਹੈ, ਤੁਸੀਂ ਅਰਾਮ ਕਰ ਲਵੋ।' ਕਹਿਣ ਲਗੇ, 'ਇਹ ਨਹੀਂ ਹੋ ਸਕਦਾ, ਉਹ ਬੜੀ ਮੁਸ਼ਕਲ ਵਿਚ ਰਾਤ ਇਕੱਲਾ ਆ ਰਿਹਾ ਹੈ। ਉਸ ਦੀ ਰਸਤੇ ਵਿਚ ਸੰਭਾਲ ਕਰਨੀ ਹੈ।' ਮਿਲਣ ਤੇ ਬਹੁਤ ਖ਼ੁਸ਼ੀ ਮਨਾਈ, ਗਲੇ ਲਾਇਆ ਤੇ ਬੇਅੰਤ ਅਸੀਸਾਂ ਦਿਤੀਆਂ।''

[ਪੂਰਬ ਜਨਮ ਕੇ ਮਿਲੇ ਸੰਜੋਗੀ ਵਿਚੋਂ

ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਹੈ ਕਿ ਗੁਰੂ ਕੇ ਪਿਆਰੇ ਕਿਵੇਂ ਆਪਣੇ ਅਜ਼ੀਜ਼ਾਂ ਦੀ ਰਖਿਆ ਕਰਦੇ ਹਨ। ੧੯੧੫ ਵਾਲੀ ਵਡੀ ਲੜਾਈ ਖ਼ਤਮ ਹੋਣ ਸਮੇਂ ਭਾਈ ਸਾਹਿਬ ਉਮਰ ਕੈਦ ਹੋ ਕੇ ਜੇਲ੍ਹ ਦੀਆਂ ਸੀਖਾਂ ਪਿਛੇ ਬੰਦ ਸਨ। ਓਦੋਂ ਪ੍ਰੋਫ਼ੈਸਰ ਠਾਕਰ ਸਿੰਘ ਜੀ ਦਾ ਇਕ ਹਾਕੀ-ਟੀਮ ਦਾ ਸਾਥੀ ਕੈਪਟਿਨ ਜੈ ਸਿੰਘ ਬੇਅੰਤ ਮਾਇਆ ਜੋੜ ਕੇ ਸੰਸਾਰ ਜੁਧ ਤੋਂ ਵਾਪਸ ਮੁੜਿਆ। ਉਹ ਰੋਜ਼ ਖਾਲਸਾ ਕਾਲਜ ਦੇ ਪੁਰਾਣੇ ਸਾਥੀਆਂ ਨਾਲ ਹਾਕੀ ਖੇਡਣ ਆ ਜਾਂਦਾ, ਫਿਰ ਸ੍ਰੀ ਦਰਬਾਰ ਸਾਹਿਬ ਪਰਾਤ ਕੜਾਹ ਪਰਸ਼ਾਦ ਭੇਟ ਕਰਨੀ ਅਤੇ ਬਾਅਦ ਵਿਚ ਸਾਰਿਆਂ ਨੇ ਰਲ ਮਿਲ ਕੇ ਖ਼ੂਬ ਗਪੇ ਲਾਉਣੇ। ਇਹਨਾਂ ਵਿਚੋਂ ਇਕ ਸ਼ਰਾਰਤੀ ਖਿਡਾਰੀ ਇਕ ਦਿਨ ਸਾਰਿਆਂ ਨੂੰ ਬਾਹਰ ਕਿਤੇ ਹੋਰਥੇ ਰੰਗ-ਰਲੀਆਂ ਮਾਨਣ ਲਈ ਲੈ ਤੁਰਿਆ। ਪ੍ਰੋਫ਼ੈਸਰ ਸਾਹਿਬ ਪੁਸਤਕ ਵਿਚ ਲਿਖਦੇ ਹਨ–

''ਮੈਂ ਉਹਨਾਂ ਦਾ ਪ੍ਰੇਰਿਆ ਹੋਇਆ ਜਕੋ ਤਕਿਆਂ ਵਿਚ, ਉਹਨਾਂ ਦੇ ਮਗਰ ਲਗ ਤੁਰਿਆ। ਕੁਝ ਸਮਝ ਨਾ ਆਵੇ। ਨਾਂਹ ਕਰਨ ਦਾ ਹੌਂਸਲਾ ਨਾ ਪਵੇ। ਪਰ ਮੇਰੀ ਆਤਮਾ ਲਾਹਨਤਾਂ ਪਾਵੇ ਕਿ ਕਿਧਰ ਜਾ ਰਿਹਾ ਹੈਂ। ਉਹ ਸਾਰੇ ਬਜ਼ਾਰ ਮੁੜ ਕੇ ਪੌੜੀਆਂ ਚੜ੍ਹ ਕੇ ਇਕ ਕਮਰੇ ਵਿਚ ਜਾ ਰਹੇ ਸਨ। ਮੈਂ ਅਖੀਰ ਤੇ ਉਪਰ ਚੜ੍ਹ ਕੇ ਜਦ ਆਖ਼ਰੀ ਪੌੜੀ ਤੋਂ ਪੈਰ ਅੰਦਰ ਰਖਣ ਲਗਾ ਤਾਂ ਸਤਿਗੁਰੂ ਜੀ ਦੀ ਬਖਸ਼ਸ਼ ਹੋਈ ਅਤੇ ਸ੍ਰੀ ਮਾਨ ਭਾਈ ਸਾਹਿਬ ਜੀ ਲਟ-ਪਟ ਅਗੇ ਆ ਕੇ ਖੜੇ ਹੋ ਗਏ। ਮੇਰੀਆਂ ਅੱਖੀਂ ਖੁਲ੍ਹੀਆਂ ਸਨ, ਪਰ ਨਜ਼ਰ ਕੁਛ ਨਹੀਂ ਸੀ ਆ ਰਿਹਾ। ਮੈਂ ਘਬਰਾਹਟ ਵਿਚ ਨੀਮ ਬੇਸੁਧ ਸਾਂ। ਮੇਰਾ ਉਹ ਕਦਮ ਜੋ ਅੰਦਰ ਜਾ ਰਿਹਾ ਸੀ, ਵਾਪਸ ਹੇਠਲੀ ਪੌੜੀ ਤੇ ਆ ਲਗਾ। ਮੇਰੀ ਹੋਸ਼ ਪਰਤ ਪਈ ਅਤੇ ਇਕ ਪਲ ਵਿਚ ਪੌੜੀਆਂ ਉਤਰ ਕੇ ਘਬਰਾਇਆ ਹੋਇਆ ਬਜ਼ਾਰ ਵਿਚ ਭਜਾ ਜਾ ਰਿਹਾ ਸਾਂ। ਦੋ ਕੁ ਸੌ ਗਜ਼ ਭਜ ਕੇ ਜਦ ਹਾਲ ਬਜ਼ਾਰ ਪੁਜਾ ਤਾਂ ਮੇਰੀਆਂ ਅੱਖਾਂ ਵਿਚ ਰੋਸ਼ਨੀ ਆ ਗਈ। ਮੈਂ ਖੜਾ ਹੋ ਗਿਆ ਅਤੇ ਘਬਰਾਹਟ ਤੋਂ ਹੌਲੀ ਹੌਲੀ ਅਰਾਮ ਆ ਗਿਆ। ਮੈਂ ਸਤਿਗੁਰੂ ਜੀ ਦਾ ਸ਼ੁਕਰ ਕੀਤਾ, ਜਿਨ੍ਹਾਂ ਨੇ ਭਾਈ ਸਾਹਿਬ ਜੀ ਦਾ ਪਹਿਰਾ ਲਾ ਕੇ ਮੈਨੂੰ ਬੁਰੀ ਸੰਗਤ ਤੋਂ ਬਚਾਅ ਲਿਆ ਸੀ। ਜਦੋਂ ਭਾਈ ਸਾਹਿਬ ਜੀ ਜੇਲ੍ਹ ਤੋਂ ਵਾਪਸ ਆਏ ਤਾਂ ਇਕ ਦੋ ਵੇਰ ਤਰੀਕੇ ਤਰੀਕੇ ਨਾਲ ਦਸ ਦੇਂਦੇ ਰਹੇ ਕਿ ਜੇਲ੍ਹ ਵਿਚ ਬੈਠਿਆਂ ਵੀ ਬੱਚਿਆਂ ਦੀ ਸੰਭਾਲ ਕਰਨੀ ਪੈਂਦੀ ਹੈ।''

[''ਪੂਰਬ ਜਨਮ ਕੇ ਮਿਲੇ ਸੰਜੋਗੀ'' 'ਚੋਂ

ਭਾਈ ਸਾਹਿਬ ਰਣਧੀਰ ਸਿੰਘ ਜੀ ਪ੍ਰੋਫ਼ੈਸਰ ਠਾਕਰ ਸਿੰਘ ਜੀ ਨੂੰ 'ਜੋਗੀ' ਕਹਿ ਕੇ ਸਦਦੇ ਹੁੰਦੇ ਸਨ ਅਤੇ ਉਹਨਾਂ ਤੇ ਬੜੀਆਂ ਹੀ ਮਿਹਰਾਂ ਕਰਦੇ ਰਹੇ ਹਨ। ਇਕੇਰਾਂ ਕੁਮਾਰ ਹੱਟੀ ਤੋਂ ਇਕ ਪਤਰਕਾ ਭਾਈ ਸਾਹਿਬ ਨੇ ਜੋਗੀ ਜੀ ਨੂੰ ਲਿਖੀ, ਜੋ ਰੂਹਾਨੀ ਸਾਹਿੱਤ ਦਾ ਇਕ ਅਲੌਕਿਕ ਨਮੂਨਾ ਹੈ। ਭਾਈ ਸਾਹਿਬ ਜੀ ਦੀਆਂ ਬਖਸ਼ੀਆਂ ਕਈ ਪਿਆਰ ਸੁਗਾਤਾਂ (ਇਕ ਵੱਡੀ ਸ੍ਰੀ ਸਾਹਿਬ, ਇਕ ਬੈਰਾਗਣ, ਇਕ ਸਿਮਰਨਾ)–ਪ੍ਰੋਫ਼ੈਸਰ ਜੀ ਨੇ ਆਪਣੇ ਪਾਸ ਸੰਭਾਲ ਕੇ ਰਖੀਆਂ ਹੋਈਆਂ ਸਨ।

ਪ੍ਰੋਫ਼ੈਸਰ ਠਾਕਰ ਸਿੰਘ ਜੀ ਬਚਪਨ ਤੋਂ ਹੀ ਮਾਨਯਵਰ ਬਾਊ ਮੱਲ ਸਿੰਘ ਜੀ ਦੀ ਨਿਗਰਾਨੀ ਵਿਚ ਪਲੇ,



www.AKJ.Org

# ਜੋਗੀ ਜੀ ਨੂੰ ਭਾਈ ਸਾਹਿਬ ਜੀ ਦੀ ਅਲੌਕਿਕ ਪਤਰਕਾ

ਇਹ ਪਤਰਕਾ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਪ੍ਰੋਫੈਸਰ ਠਾਕਰ ਸਿੰਘ ਜੀ ਨੇ ਕੁਮਾਰਹੱਟੀ ਤੋਂ ਖੁਸ਼ੀਆਂ ਦੇ ਉਮਾਹੇ ਤੇ ਨਾਮ-ਰੰਗਾਂ ਵਿਚ ੧੯੪੫ ਵਿਚ ਲਿਖੀ ਸੀ, ਜੋ ਪ੍ਰੋਫੈਸਰ ਦੀਵਾਨ ਸਿੰਘ ਜੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਹਿਣ ਅਨੁਸਾਰ ਰੂਹਾਨੀ ਸਾਹਿਤ ਦਾ ਇਕ ਅਲੌਕਿਕ ਨਮੂਨਾ ਹੈ।

ੴ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ॥

ਮੇਰੇ ਪਰਮ ਪਿਆਰੇ ਜੋਗੀਰਾਜ ਦਿਲਰਾਜ਼, ਕੁਮਾਰਹੱਟੀ ੧੧-੫-੪੫

ਜੀਅ-ਮਨ-ਤਨ-ਪ੍ਰਾਨ ਬਿਰਾਜੇ, ਰਾਜ ਜੋਗ ਅਧਿਰਾਜੇ, ਸ੍ਰੀਯੁਤ ਪਿਆਰੇ ਠਾਕਰ ਸਿੰਘ ਜੀਓ !

ਆਪ ਜੀ ਨੂੰ ਯਾਦ ਕਰਦੇ ਹੋਏ, ਆਪ ਦੀ ਯਾਦ ਸੇਤੀ ਦਿਲ ਸ਼ਾਦ ਕਰਦੇ ਹੋਏ ਅਸੀਂ ਕੁਸ਼ਲ ਅਨੰਦ ਸਹਿਤ, ਕੁਮਾਰਹੱਟੀ ਆਣ ਪੁਜੇ ਹਾਂ। ਆਉਣ ਸਾਰ ਹੀ ਤਣਾਵਾਂ ਗਡੀਆਂ ਗਈਆਂ। ਰੁਤ ਜੋਬਨੀ ਹੁਸਨ ਬਹਾਰ, ਏਥੇ ਅਗੇ ਨਾਲੋਂ ਕਈ ਗੁਣਾ ਅਧਿਕ ਸੁਹਾਵਣੀ ਖਿੜੀ ਹੋਈ ਹੈ। ਮਿਠੀ ਮਿਠੀ ਗੁਲਾਬੀ ਠੰਢ ਵੀ ਪਿਛਲੇ ਸਾਲਾਂ ਨਾਲੋਂ ਵਧੀਕ ਠੰਡੇਰੀ ਹੈ। ਆਣ ਮਲਗਾਰ ਹਟੀਆਂ ਮਲੀਆਂ ਹਨ। ਆਉਣ ਸਾਰ ਹੀ ਅਰਸ਼ ਪ੍ਰਵਾਜ਼ੀ, ਗੀਧੀਆਂ ਤੈ ਗਿਝੀਆਂ ਹੋਈਆਂ ਆਤਮ ਬਿਰਤੀਆਂ, ਸਹਿਜ ਹੁਲਾਰਿਆਂ ਦੀਆਂ ਪੀਂਘਾਂ ਝੂਟਣ ਲਗ ਪਈਆਂ। ਬਿਨ ਛੇੜੇ ਹੀ, ਲਿਵ ਲੋਰ ਤਰੰਗਾਂ ਛਿੜ ਪਈਆਂ ਤੇ ਅਜ ਤਾਈਂ ਛਿੜੀਆਂ ਹੀ ਰਹੀਆਂ ਹਨ। ਹੁਣ ਦਹਿਦੂਣੇ ਰੰਗਾਂ ਨੂੰ ਉਮਾਹ ਰਹੀਆਂ ਹਨ। ਲਹਿਰਾਂ ਲਹਿਰਾਅ ਰਹੀਆਂ ਹਨ, ਲਹਿਰ ਬਹਿਰਾਂ ਹੋਇ ਰਹੀਆਂ ਹਨ। ਅਮੀ ਰੈਨਾਇਰ ਛਲਕਾਂ ਮਾਰ ਰਿਹਾ ਹੈ। ਰਸ ਜੋਤਿ ਡਲਕਾਂ ਡਲਕ ਰਹੀਆਂ ਹਨ। ਅਭਿਆਸ ਬਿਲੋਵਣੇ ਈਟੀ ਨੇਤਰੇ-ਬਿਹੂਣ ਹੀ, ਆਪ ਮੁਹਾਰੇ ਬਿਲੋਏ ਜਾ ਰਹੇ ਹਨ। ਜਿਉਂ ਜਿਉਂ ਸਹਿਜ-ਹੁਲਾਰੇ ਆਉਂਦੇ ਹਨ ਤਿਉਂ ਤਿਉਂ ਨਾਮ ਤਾਰ-ਪਰੋਤੇ ਪਿਆਰੇ ਦੇ ਯਾਦ ਮਲਗਾਰੇ, ਮਹਿਕ ਰਹੇ ਹਨ। ਸੋ ਭੀ ਅਤਿ ਸੁਖਦਾਇਕ ਅਨੰਦਦਾਈ ਹਨ। ਲੋਰ-ਹਿਲੋਰਿਆਂ ਨੂੰ ਬੀਜਨ ਤੋਰਿਆਂ ਵਿਚ ਤੋਰਨ ਲਈ ਮਿਕਨਾਤੀਸੀ ਰਸਾਇਣ ਕਲਾ ਉਪਜਾ ਰਹੇ ਹਨ। ਮਾਨੋ ਆਤਮ-ਉਡਾਰੀਆਂ ਨੂੰ ਨਵ-ਜੋਬਨ ਰੰਗ ਲਾ ਰਹੇ ਹਨ। ਚਲੂਲੇ ਰੰਗਾਂ ਅੰਦਰ ਅਮਿਉ ਰਸਾਇਣੀ ਜਨਾਂ ਦੀ ਯਾਦਗਾਰ, ਬਿਰਤੀਆਂ ਦੇ ਚੜ੍ਹਾਉ ਵਿਚ ਅਟਕਾਰ ਨਹੀਂ,

---

✿ ਖੇਡੇ ਅਤੇ ਵਿਦਿਆ-ਪ੍ਰਾਪਤੀ ਕੀਤੀ। ਅਤੇ ਆਯੂ ਪ੍ਰਯੰਤ ਸਤਿਸੰਗ ਮੰਡਲਾ ਵਿਚ ਨਾਮ, ਬਾਣੀ ਤੇ ਕੀਰਤਨ ਦੇ ਅਨੰਦ ਭੁੰਚਦੇ ਰਹੇ। ਉਹਨਾਂ ਦੀ ਸੰਗਤ ਵਿਚ ਰਾਵਲ ਪਿੰਡੀ-ਕੀਰਤਨ-ਫੇਰੀਆਂ ਵਿਚ ਬੀਬੀ ਇੰਦਰ ਕੌਰ ਜੀ ਦੇ ਬੁੰਗਿਆਂ ਵਿਚ ਅਤੇ ਜੇਹਲਮ ਆਦਿ ਅਨੇਕਾਂ ਕੀਰਤਨ ਸਮਾਗਮਾਂ ਵਿਚ ਜੋ ਰੰਗ-ਰਸ ਮਾਣਦੇ ਰਹੇ, ਉਹਨਾਂ ਦੀ ਵੰਨਗੀ ਪੁਸਤਕ "ਪੂਰਬ ਜਨਮ ਕੇ ਮਿਲੇ ਸੰਜੋਗੀ' ਵਿਚ ਵੇਖੀ ਜਾ ਸਕਦੀ ਹੈ। ਢਾਈ ਸੌ ਸਫੇ ਦੀ ਇਹ ਪੁਸਤਕ ਪ੍ਰੋਫੈਸਰ ਠਾਕਰ ਸਿੰਘ ਜੀ ਨੇ ੧੯੮੨ ਵਿਚ ਲਿਖੀ ਤੇ ਛਪਵਾਈ ਸੀ। ਪ੍ਰੋਫੈਸਰ ਜੀ ਆਖ਼ਰੀ ਦਿਨਾਂ ਤਕ ਅੰਮ੍ਰਿਤਸਰ ਜੀ ਹੀ ਆਪਣੀ ਵਿਧਵਾ ਬੱਚੀ ਦੇ ਪਾਸ, ਉਹਨਾਂ ਦੀ ਕੋਠੀ ਵਿਚ ਰਹਿੰਦੇ ਰਹੇ ਹਨ। ਅਠਾਸੀ ਸਾਲ ਦੀ ਆਖ਼ਰੀ ਉਮਰ ਤਕ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਤੇ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਲਈ ਲਾਰੰਸ ਰੋਡ ਤੋਂ ਨਿਤ ਸਾਈਕਲ ਤੇ ਸ੍ਰੀ ਦਰਬਾਰ ਸਾਹਿਬ ਦੀਆਂ ਹਾਜ਼ਰੀਆਂ ਭਰਨੀਆਂ ਉਹਨਾਂ ਦਾ ਅਮਲ ਸੀ।

ਗਰਮੀਆਂ ਦੇ ਦਿਨਾਂ ਵਿਚ ਉਹ ਲਗ ਪਗ ਹਰ ਸਾਲ ਪ੍ਰਿੰਸੀਪਲ ਇੰਦਰ ਕੌਰ ਜੀ ਦੇ ਸੰਗ ਸਾਥ ਧਰਮਸਾਲਾ ਪਹਾੜ ਤੇ ਜਾਂਦੇ, ਗੁਰਦੁਆਰਾ ਸਾਹਿਬ ਦੇ ਲਾਗੇ ਠਹਿਰਦੇ ਅਤੇ ਦੋਵੇਂ ਵਕਤ ਗੁਰਸਿਖ ਸੰਗਤਾਂ ਦੀ ਚਰਨ-ਧੂੜੀ ਪਰਸਦੇ ਹੋਏ ਇਲਾਹੀ ਰੰਗ ਮਾਣਦੇ। ਐਤਕੀਂ ਵੀ ਆਪ ਧਰਮਸਾਲਾ ਗਏ ਹੋਏ ਸਨ, ਜੋ ੨੩-੨੪ ਜੂਨ ਨੂੰ ਦਿਲ ਦੀ ਕੁਝ ਖੇਚਲ ਮਹਿਸੂਸ ਕੀਤੀ ਗਈ। ਉਥੋਂ ਲੁਧਿਆਣਾ ਰਹਿੰਦੇ ਸਾਰੇ ਪਰਵਾਰ ਵਿਚ ਲਿਆਂਦੇ ਗਏ ਅਤੇ ੨੬ ਜੂਨ ਨੂੰ ਇਲਾਹੀ ਰੰਗਾਂ ਵਿਚ ਸਰੀਰਕ-ਚੋਲਾ ਤਿਆਗ ਕੇ ਗੁਰਪੁਰੀ ਸਿਧਾਰ ਗਏ।



www.AKJ.Org

ਸਗੋਂ ਮਦਦਗਾਰ ਹੋ ਕੇ ਆਣ ਨਿਸਰੀ ਹੈ। ਕਰਤਾਰ ਹੀ ਕਰਤਾਰ ਦੀ ਗੂੰਜਾਰ ਗੂੰਜ ਰਹੀ ਹੈ। ਸਚਮੁਚ ਸਿਰੀ 'ਮਾਣਕ ਜੀ' ਦੇ ਆਖਣ ਅਨੁਸਾਰ, ਇਹ ਕੁਮਾਰ ਹੱਟੀ ਨਹੀਂ, 'ਕਰਤਾਰ ਹੱਟੀ' ਹੁਇ ਜਗਮਗਾ ਰਹੀ ਹੈ। ਰੈਣ ਤਾਂ ਸੁਖਚੈਨੀ ਰੈਣ ਹੈ ਹੀ। ਐਤਕੀ ਦਿਨੀਅਰ ਭੀ, ਦਿਵਸ ਨੂੰ ਠਰੂਰ ਸੀਤਲਤਾ ਸੇਤੀ ਚੰਦਨਾ ਰਿਹਾ ਹੈ। ਐਤਕੀ 'ਮਾਖੀ ਰਾਮ ਕੀ ਮਾਖੀ' ਭੀ ਬਿਘਨਕਾਰੀ ਨਹੀਂ ਹੋਣੀ ਪਾਉਂਦੀ। ਆਪ ਦੀ ਸੀਤਲ, ਪਿਆਰਾਂ ਸਹਿਤ ਅਰਪੀ ਮਛਹਿਰੀ ਨੂੰ ਤਾਣ ਕੇ ਦਿਨ ਭਰ ਭਜਨ-ਗੁਫ਼ਾ ਬਣਾ ਲਈਦਾ ਹੈ। ਅੰਦਰ ਬੈਠੇ, ਗੁਹਜ-ਤਾੜੀਆਂ ਲਾ ਕੇ ਅਮਰ ਆਨੰਦੀ ਮਾਨਣੇ, ਮਾਣੀਦੇ ਹਨ। ਅਗੇ ਮੱਖੀਆਂ ਸਤਾਉਂਦੀਆਂ ਹੁੰਦੀਆਂ ਸਨ, ਹੁਣ ਤਾਂ ਮਛਹਿਰੀ ਨੇ ਮਖਹਿਰੀ ਦਾ ਅੱਤ ਭਲੇਰਾ ਕੰਮ ਦਿਤਾ ਹੈ। ਬੈਰਾਗਣ ਦੀ ਟੇਕ ਅਗੇ ਰਖ ਕੇ ਚਾਹੇ ਦਿਨ ਭਰ ਅੰਦਰ ਬੈਠੇ ਆਸਣ ਜਮਾਈ ਰਖੋ, ਕੋਈ ਭੀ ਚੁਕਤਾਈ, ਉਕਤਾਈ ਨਹੀਂ ਬਿਆਪਦੀ। ਰੈਣ ਸਮੇਂ ਤਾਂ ਮਛਹਿਰੀ ਦੀ ਲੋੜ ਹੀ ਨਹੀਂ ਪੈਂਦੀ, ਮੀਆਂ ਮਛਰਦੀਨ ਦਾ ਕਿਤੇ ਮੁਸ਼ਕ ਭੀ ਨੇੜੇ ਨਹੀਂ। ਬਰਸਾਤਾਂ ਹੋਈਆਂ ਤੇ ਕਿਧਰੋਂ ਭਿਣਕ ਹੋਇਆ, ਤਾਂ ਮਖਹਿਰੀਉਂ ਮਛਹਿਰੀ ਦਾ ਵਰਤਾਉ ਰੈਣ ਸਮੇਂ ਭੀ ਕੀਤਾ ਜਾਵੇਗਾ।

ਆਪ ਦੀਆਂ ਪਿਆਰ-ਕੁਰਬਾਨੀਆਂ ਇਕ ਦੂੰ ਇਕ ਚੜ੍ਹਦੀਆਂ ਹਨ। ਮੈਨੂੰ ਅਜ ਹੀ ਐਥੇ ਆਇਆਂ ਨੂੰ ਪਹਿਲੀ ਵੀਰ ਗਜਿੰਦਰ ਸਿੰਘ ਨੇ, ਆਪ ਦੀ ਪ੍ਰੇਮ ਸੁਗਾਤ, ਚਿਤਕਬਰੀਏ ਸੁਰਮਈ ਪਜਾਮੇ ਨੂੰ, ਮੇਰੀਆਂ ਅੱਖੀਆਂ ਅਗੇ ਕੀਤਾ ਅਤੇ ਸਤਿਕਾਰਾਂ ਭਰੇ ਖ਼ਿਆਲ, ਖ਼ਿਆਲ ਕੇ ਦੋਹਾਂ ਹੱਥਾਂ ਤੇ ਉਸਾਰ ਕੇ, ਮੈਨੂੰ ਦਿਖਲਾਇਆ। ਦਿਖਾਉਣਹਾਰਾ ਭੀ ਕ੍ਰਿਤ ਕ੍ਰਿਤ ਹੋਇਆ (ਧੰਨ ਪਿਆਰ, ਧੰਨ ਪਿਆਰ, ਮੁਖੋਂ ਅਲਾਵੇ) ਅਤੇ ਦੇਖਣਹਾਰੇ, ਪਿਆਰ-ਮਜਨੂੰ ਦੀ ਤਾਂ ਗਹਿਣਗਤਿ ਨਹੀਂ ਕਹੀ ਜਾਂਦੀ। ਜੋਗੀਆਂ ਦੇ ਗਲੇ ਦਾ ਸ਼ਿੰਗਾਰ ਜਾਮਾ ਬਣਨਹਾਰਾ, ਸੁੰਦਰ ਪਾਰਚਾ ਮੂੰ ਬਿਰਧੋਗੀ ਦੇ ਲੱਕ-ਲਤੀਂ ਪਾਉਣਹਾਰਾ ਪਜਾਮਾ ਬਣ ਗਿਆ। ਪਿਆਰ ਦੇ ਚੋਜ ਨਿਆਰੇ ਹਨ, ਅੱਤ ਅਨੂਠੇ ਹਨ। ਇਸ ਨੂੰ ਪਾਉਣ ਸਜਾਉਣ ਨੂੰ ਜੀਉ ਨਹੀਂ ਕਰਦਾ, ਦੇਖੀ ਜਾਣ ਨੂੰ ਹੀਅੜਾ ਹੁਲਸਾਇ ਰਹਿਆ ਹੈ। ਮੇਰੇ ਨੇਤਰਾਂ ਦੇ ਅੰਦਰ, ਅਜਬ ਨਮਾਇਸ਼ਗਾਹ ਬਣ ਗਈ। ਪ੍ਰੇਮ-ਸੁਗਾਤੀ-ਜਾਮਿਆਂ ਪਜਾਮਿਆਂ ਦੇ ਢੇਰਾਂ ਦੇ ਢੇਰ ਲਗ ਗਏ। ਪਰ ਬੈਰਾਗੀ ਜੋਗੀ ਇਕੋ ਇਕ ਹੈ। ਹੁਣ ਹੁੱਬਾਂ ਉਠਦੀਆਂ ਹਨ ਕਿ ਕਦੇ ਆਪ ਇਤ ਵਲ ਪਿਆਰ-ਭਰੀਆਂ ਜੋਗੀ-ਫੇਰੀਆਂ ਪਾਓ ਅਤੇ ਸਨਮੁਖ ਬੈਠ ਕੇ ਲਟਕ-ਰੀਝਾਂ ਰੀਝਾਓ। ਇਹ ਹਸਰਤ ਭਰਿਆ ਖਿਆਲ ਨਹੀਂ, ਪ੍ਰੇਮ ਮਸੱਰਤ ਭਰਿਆ ਹੁੱਬ-ਉਛਾਲਾ ਹੈ। ਦੂਰ-ਦਰਸੀਆਂ ਨੂੰ ਦੂਰੀਆਂ ਕਿਥੇ ? ਹਿਜਰ-ਮਹਿਜੂਰੀਆਂ ਕਿਥੇ ? ਸਦਾ ਦਰਸ ਨਿਕਟੂਰੀਆਂ ਦੇ ਛਾਂਦੇ ਭੁੰਚਣ-ਹਾਰਿਆਂ ਨੂੰ, ਵਸਲ ਮਖ਼ਮੂਰੀਆਂ ਦੇ ਨਸ਼ੇ ਚੜ੍ਹੇ ਰਹਿੰਦੇ ਹਨ। ਚਾਇ ਚਈਲੇ, ਨੂਰ ਠਰੂਰੀਆਂ ਨੂੰ, ਭਾਨਾਨ ਭਾਨ ਜ਼ਹੂਰੀਆਂ ਦੀਆਂ, ਰੰਗ ਤੇਜ ਭਰਪੂਰੀਆਂ ਦੇ, ਮਜਨ ਹੁੰਦਿਆਂ, ਪਿਆਰ-ਰੰਗੂਰੇ ਸਜਨਾਂ ਦੀਆਂ, ਯਾਦ ਡੁਬਕੀਆਂ ਦੇ ਚੁਪ ਚੁਪੋਲੇ, ਗਟਾਕ ਰਸਕ ਰਸਾਏ ਰਹਿੰਦੇ ਹਨ।

ਪਿਆਰੇ ਜੋਗੀ ਜੀਓ, ਇਕ ਦਿਨ ਆਵੇਗਾ ਅਤੇ ਜ਼ਰੂਰ ਆਵੇਗਾ ਕਿ ਆਪ ਭੀ ਪਰਮਾਤਮ, ਮਹੀਤ ਸਮੁੰਦਰ ਅੰਦਰਿ, ਆਤਮ-ਤਾਰੀਆਂ ਤੇ ਚੁਭ-ਚੁਭਾਰੀਆਂ ਲਾਇਆ ਕਰੋਗੇ।

ਸਚਾ ਗੁਣੀ ਨਿਧਾਨੁ ਤੂੰ ਪ੍ਰਭ ਗਹਿਰ ਗੰਭੀਰੇ ॥ ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ ॥ [੩੯੮]

ਸਤਿਗੁਰੂ ਆਪ ਨੂੰ ਸਦਾ ਸਰਸ਼ਾਰ, ਵੈਰਾਗ-ਰੰਗਾਂ ਦੇ ਵਧਾਉ ਵਿਚ ਵਧਾਈ ਰੱਖਣ। ਏਹੀ ਜਿਗਰੀ ਅਸੀਸਾਂ, ਇਸ ਬਿਰਹੋਂ-ਰੀਝਾਣੇ ਦੀਆਂ ਹਨ। ਆਸ ਹੈ ਕਿ ਆਸ ਬੰਧਾਊ, ਦਰਸ ਧਰਵਾਸ ਬੰਧਾਊ, ਪਾਤੀ ਭੇਜ ਕੇ ਪ੍ਰਫੁਲਤ ਕਰੋਗੇ। ਸ੍ਰੀ ਬਾਊ ਜੀ ਵਲੋਂ ਕੋਈ ਵਾਈ ਧਾਈ ? ਕਸ਼ਮੀਰ ਦੇ 'ਦੂਲੇ' ਖਿਚਾਂ ਪ੍ਰਬਲ ਪਾ ਰਹੇ ਹਨ। ਪਰ ਏਧਰਲੀ ਭੀ ਡੋਰੀ ਪ੍ਰਬਲ ਹੋ ਕੇ ਲਗੀ ਹੋਈ ਹੈ।

ਆਪ ਜੀ ਕੁਸਲ ਖੇਮ ਦਾ ਸਮਾਚਾਰ ਭੇਜਦੇ ਰਹੋ ਜੀ। ਕੋਈ ਸ੍ਰੀ ਬਾਊ ਜੀ (ਬਾਊ ਮੱਲ ਸਿੰਘ ਜੀ) ਦੀ ਸੁੰਧਕ ਲਗੇ ਤਾਂ ਲਿਖਣੀ।

ਆਪ ਦਾ ਪਿਆਰ-ਨੁਛਾਰਾ ਰਣਧੀਰ ਸਿੰਘ



www.AKJ.Org

# ਸ਼ਹੀਦ ਭਾਈ ਦਿਆਲਾ ਜੀ

[ਸ: ਅਤਰ ਸਿੰਘ ਨੀਰ, ਐਚ. ਪੀ. ੧੧੦, ਪੀਤਮਪੁਰਾ, ਦਿੱਲੀ—੩੪]

ਸਤਿਗੁਰ ਤੇਗ ਬਹਾਦਰ ਜੀ ਦੇ, ਦਰ ਤੇ ਕਈ ਹਜ਼ਾਰਾਂ।
ਆ ਪੰਡਤ ਕਸ਼ਮੀਰ ਦੇ ਰੋਏ, ਕਰ ਕਰ ਹਾਲ ਪੁਕਾਰਾਂ।
ਔਰੰਗਜ਼ੇਬ ਨੇ ਧਰਮ ਅਸਾਡਾ ਰਹਿਣ ਨਾ ਦਿਤਾ ਜੱਗ ਤੇ।
ਬੋਦੀ ਟਿੱਕਾ ਲਾਹ ਹਿੰਦੂ ਦਾ, ਛੁਰੀ ਧਰੀ ਸ਼ਾਹ ਰੱਗ ਤੇ।
ਕਿਰਪਾ ਸਾਗਰ ਸੀਤਲ ਸੋਮੇ, ਬਖਸ਼ਸ਼ ਦੇ ਭੰਡਾਰੀ।
ਅੰਮੜੀ ਨਾਲੋਂ ਵਧ ਕੇ ਦਰਦੀ, ਸਤਿਗੁਰ ਪਰਉਪਕਾਰੀ।
ਦਿਲੀ ਆਏ ਸੀਸ ਵਾਰ ਕੇ, ਹਿੰਦੂ ਧਰਮ ਬਚਾਵਣ।
ਨਾਲ ਉਨ੍ਹਾਂ ਦੇ ਸਿਖ ਪੰਜ ਆਏ, ਆਪਣੀ ਭੇਟ ਚੜ੍ਹਾਵਣ।

ਉਨ੍ਹਾਂ ਵਿਚੋਂ ਭਾਈ ਦਿਆਲਾ ਜੀ ਵੀ ਬ੍ਰਹਮ ਗਿਆਨੀ।
ਵਿਚ ਜੇਲ੍ਹ ਦੇ ਬੰਦ ਸੀ ਕੀਤਾ, ਹੇਠ ਬੜੀ ਨਿਗਰਾਨੀ।
ਕਾਜ਼ੀ ਆਖੇ ਪਤਾ ਹੈ ਤੈਨੂੰ, ਮਤੀ ਦਾਸ ਸੰਗ ਹੋਈ।
ਉਸ ਤਰ੍ਹਾਂ ਹੀ ਲਾਹੀ ਜਾਣੀ, ਤੇਰੀ ਵੀ ਹੈ ਛੋਈ।
ਜੇ ਨਾ ਸ਼ਰ੍ਹਾ ਦੀਨ ਦੀ ਮੰਨੀ, ਨਹੀਂ ਤੂੰ ਬਖ਼ਸ਼ਿਆ ਜਾਣਾ।
ਤੂੰਬਾ ਤੂੰਬਾ ਰੂਈ ਵਾਂਗੂ, ਤੇਰਾ ਕਰ ਉਡਾਣਾ।
ਆ ਜਾ ਤੂੰ ਇਸਲਾਮ ਦੇ ਅੰਦਰ, ਕਦਰਾਂ ਹੋਸਣ ਭਾਰੀ।
ਇੱਜ਼ਤ ਮਾਣ ਮਿਲੇ ਹਰ ਪਾਸੇ, ਸਰਕਾਰੀ ਦਰਬਾਰੀ।
ਨਾ ਕੋਈ ਘਾਟ ਕਿਸੇ ਕਿਸਮ ਦੀ, ਚਿੰਤਾ ਜ਼ਰਾ ਨਾ ਛੋਹਵੇ।
ਮੌਲਾ ਦੀ ਉਮਤ ਤੇ ਹਰ ਦਮ, ਮੀਂਹ ਰਹਿਮਤ ਦਾ ਹੋਵੇ।

ਭਾਈ ਦਿਆਲਾ ਆਖੇ ਕਾਜ਼ੀ, ਇਹ ਤੇਰੀ ਖੁਸ਼-ਫ਼ਹਿਮੀ।
ਰੱਬ ਦੀ ਰਹਿਮਤ ਕਦੇ ਨਹੀਂ ਪਾਂਦੇ, ਪਥਰ-ਦਿਲ ਬੇ-ਰਹਿਮੀ।
ਮਜ਼ਲੂਮਾਂ ਦੇ ਲਹੂ ਦੇ ਅੰਦਰ, ਪਾਪੀ ਜੋ ਨਹਾਂਦੇ।
ਐਥੇ ਓਥੇ ਦੋਹੀਂ ਜਹਾਨੀਂ, ਉਹ ਨੇ ਧੱਕੇ ਖਾਂਦੇ।
ਜਾਬਰ ਖ਼ੂਨੀ ਨੀਚ ਕਸਾਈ, ਹੈਂਕੜ-ਬਾਜ਼ ਅਧੱਰਮੀ।
ਦੋਜ਼ਖ ਦੀ ਅੱਗ ਅੰਦਰ, ਸੜਦੇ ਮੂਰਖ ਮੂੜ੍ਹ ਕੁਕਰਮੀ।
ਖ਼ਲਕਤ ਅੰਦਰ ਰੱਬ ਨੂੰ ਵੇਖੇ, ਧਰਮ ਸੱਚਾ ਹੈ ਓਹੀ।
ਖ਼ਲਕਤ ਦੇ ਵਿਚ ਖ਼ਾਲਕ ਵਸਦਾ, ਉਸ ਬਿਨਾਂ ਨਹੀਂ ਕੋਈ।
ਉਚਾ ਨੀਵਾਂ ਚੰਗਾ ਮੰਦਾ, ਦਸ ਕਿਸ ਨੂੰ ਕਹੀਏ।
ਜਦ ਕਿ ਰੱਬ ਸੱਚੇ ਦੇ ਬਾਝੋਂ, ਕੋਈ ਵੀ ਬੰਦਾ ਨਹੀਂ ਏ।



www.AKJ.Org

ਮੈਂ ਉਹ ਮਜ਼ਬ ਮੂਲ ਨਹੀਂ ਮੰਨਦਾ ਕਰੇ ਜੁ ਜ਼ੋਰ ਧਿਙਾਣਾ।
ਮੇਰੇ ਸਤਿਗੁਰ ਜੀ ਨੇ ਦਸਿਆ, ਸੌਖਾ ਰਾਹ ਸੁਹਾਣਾ।
ਸਿੱਖੀ ਤੋਂ ਬਿਨ ਸਿੱਧਾ ਰਸਤਾ, ਰੱਬ ਨੂੰ ਪਾਵਣ ਵਾਲਾ।
ਸਿੱਖੀ ਤੋਂ ਬਿਨ ਗਿਆਨ ਦਾ ਦੀਪਕ, ਨ੍ਹੇਰ ਮਿਟਾਵਣ ਵਾਲਾ।
ਦੂਈ ਦਵੈਤ ਤੇ ਮੇਰ ਤੇਰ ਦਾ, ਫ਼ਰਕ ਨਾ ਇਥੇ ਲਭੇ।
ਉਚਾ ਨੀਵਾਂ ਕੋਈ ਨਹੀਂ ਏ, ਇਕ ਬਰਾਬਰ ਸਭੇ।
ਇਕ ਪੰਗਤ ਵਿਚ ਬੈਠਣ ਏਥੇ ਰਾਜਾ ਅਤੇ ਭਿਖਾਰੀ।
ਤਾਹੀਉਂ ਤਾਂ ਹੈ ਸਿੱਖੀ ਲਗਦੀ, ਪ੍ਰਾਣਾਂ ਤੋਂ ਵੀ ਪਿਆਰੀ।
ਭੈ ਨਹੀਂ ਦੇਣਾ ਮੂਲ ਕਿਸੇ ਨੂੰ, ਭੈ ਨਹੀਂ ਹੈ ਮੰਨਣਾ।
ਮਜ਼ਲੂਮਾਂ ਦੀ ਰਖਿਆ ਖ਼ਾਤਰ, ਤੰਬੂ ਬਣ ਕੇ ਤਣਨਾ।
ਜ਼ੁਲਮ ਵੇਖ ਕੇ ਚੁਪ ਨੀਂ ਰਹਿਣਾ, ਜ਼ੁਲਮ ਨ ਬਿਲਕੁਲ ਸਹਿਣਾ।
ਜਾਨ ਵੀ ਆਪਣੀ ਪਵੇ ਜੇ ਦੇਣੀ, ਪਿਛਾਂ ਮੂਲ ਨਹੀਂ ਰਹਿਣਾ।
ਤੇਰੇ ਇਹ ਡਰਾਵੇ ਕਾਜ਼ੀ, ਮੌਤ ਦੀ ਤੇਰੀ ਧਮਕੀ।
ਮੇਰੇ ਦਿਲ ਤੇ ਅਸਰ ਨਹੀਂ ਕਰਦੀ, ਕੋਈ ਵੀ ਤੇਰੀ ਛਮਕੀ।

ਕਾਜ਼ੀ ਹੋ ਕੇ ਲਾਲ ਗੁੱਸੇ ਵਿਚ ਆਖੇ ਸੁਣ ਦਿਆਲਾ।
ਆਲੂ ਵਾਂਗੂ ਗਾਲ ਦਿਆਂਗਾ, ਦੇਗ ਚਿ ਦੇ ਉਬਾਲਾ।
ਛਡ ਕੇ ਬਹਿਸ ਮੁਬਾਹਸੇ ਸਾਰੇ, ਮੰਨ ਲੈ ਦੀਨ ਇਲਾਹੀ।
ਹੁਣ ਹੀ ਤੇਰੇ ਪਿਛੋਂ ਮਿਲਸੀ, ਗੁਰੂ ਤੇਰੇ ਨੂੰ ਫਾਹੀ।

ਭਾਈ ਦਿਆਲਾ ਜੀ ਨੇ ਕਹਿਆ, ਕਰ ਲੈ ਮਨ ਦੀ ਪੂਰੀ।
ਨਾਫਾ ਚੀਰਿਆਂ ਫੈਲਣੀ ਜਗ ਤੇ, ਵਧ ਤੋਂ ਵਧ ਕਸਤੂਰੀ।
ਸੋਨਾ ਸਦਾ ਹੀ ਸੋਨਾ ਰਹਿੰਦਾ, ਲੱਖ ਭਠੀ ਵਿਚ ਪਾਵੋ।
ਹੀਰੇ ਆਪਣੀ ਦਮਕ ਨਾ ਛੱਡਣ, ਟੁਕੜੇ ਲੱਖ ਬਣਾਵੋ।
ਇਕ ਪਾਸੇ ਤੇ ਰਾਜ-ਜ਼ੁਲਮ ਦੀ ਕਹਿਰੀ ਹੈ ਦੋਨਾਲੀ।
ਦੂਜੇ ਪਾਸੇ ਧਰਮ ਧੁਜਾ ਤੇ ਮਜ਼ਲੂਮਾਂ ਦਾ ਵਾਲੀ।
ਤੇਗ ਬਹਾਦਰ ਧਰਮ ਦੀ ਚਾਦਰ, ਸੀਸ ਤਲੀ ਤੇ ਧਰ ਕੇ।
ਜ਼ੁਲਮ ਸਿਤਮ ਨੂੰ ਜੜ੍ਹਾਂ ਤੋਂ ਪੁਟਣ, ਖ਼ੁਦ ਕੁਰਬਾਨੀ ਕਰ ਕੇ।
ਖ਼ੂਨ ਸ਼ਹੀਦਾਂ ਦਾ ਨਹੀਂ ਜਾਂਦਾ, ਕਦੇ ਵੀ ਕਿਧਰੇ ਜ਼ਾਇਆ।
ਮੋਈ ਕੌਮ ਚਿ ਜ਼ਿੰਦਗੀ ਭਰ ਕੇ, ਕਰਦਾ ਰੂਪ ਸਵਾਇਆ।
ਇਸ ਰੂਪ ਦੇ ਤੇਜ ਦੇ ਅਗੇ, ਅਟਕ ਨ ਸਕਣ ਗੀਦੀ।
ਟੁੰਬ ਜਗਾਵੇ ਅਣਖ ਤੇ ਗ਼ੈਰਤ, ਕੌਮ ਦੀ ਪਾਕ ਸ਼ਹੀਦੀ।



www.AKJ.Org

ਜੋ ਘੜਿਆ ਸੋ ਭਜਣਾ ਇਕ ਦਿਨ, ਜੋ ਆਇਆ ਉਸ ਜਾਣਾ।
ਇਸ ਲਈ ਫ਼ਿਕਰ ਨ ਮਨ ਵਿਚ ਕੋਈ, ਕਰ ਲੈ ਮਨ ਦਾ ਭਾਣਾ।

ਭਰਿਆ ਪੀਤਾ ਹੋਇਆ ਕਾਜ਼ੀ ਮੱਥੇ ਤੀਵੜੀਆਂ ਪਾਂਦਾ।
ਘੂਰੀਆਂ ਵਟੇ; ਝਗਾਂ ਸਟੇ, ਕੁੱਤਾ ਜਿਉਂ ਹਲਕਾਂਦਾ।
ਦਿਤਾ ਹੁਕਮ ਜਲਾਦਾਂ ਤਾਈਂ, ਜਲਦੀ ਅਗਨੀ ਬਾਲੋ।
ਭਰ ਕੇ ਪਾਣੀ ਦੇਗ ਦੇ ਅੰਦਰ, ਇਸ ਨੂੰ ਵਿਚ ਬਿਠਾਲੋ।
ਖ਼ੂਬ ਉਬਾਲੋ ਪਾਣੀ ਰੱਜ ਕੇ, ਖ਼ੂਬ ਪਾਣੀ ਨੂੰ ਕਾੜ੍ਹੋ।
ਗਾਲ ਗਾਲ ਕੇ ਇਸ ਨੂੰ ਏਥੇ, ਦੇਗ ਦੇ ਵਿਚ ਹੀ ਸਾੜੋ।

ਬਹਿ ਗਿਆ ਦੇਗ ਚਿ ਸਿਖ ਗੁਰੂ ਦਾ, ਬਾਣੀ ਜੱਪਦਾ ਜੱਪਦਾ।
ਤਿਉਂ ਤਿਉਂ ਹੋਵਣ ਨੈਣ ਸਰੂਰੀ, ਜਿਉਂ ਜਿਉਂ ਪਾਣੀ ਤੱਪਦਾ।
ਗੁਰਬਾਣੀ ਦੀਆਂ ਧੁਨਾਂ ਅੰਦਰ, ਮਸਤੀ ਦੇ ਵਿਚ ਗਾਵੇ।
ਗੁਰ-ਚਰਨਾਂ ਵਿਚ ਧਿਆਨੀ ਹੋ ਕੇ, ਬੈਠਾ ਸ਼ੁਕਰ ਮਨਾਵੇ।
ਪਾਣੀ ਖੌਲੇ ਉਡਣ ਸ਼ੁਅਲੇ, ਅੱਗ ਦੇ ਉੱਚੇ ਉੱਚੇ।
ਪਾਕ ਪਵਿਤਰ ਮਨ ਚੋਂ ਨਿਕਲਣ, ਸ਼ਬਦ ਗੁਰੂ ਦੇ ਸੁੱਚੇ।
ਮੁੰਦ ਗਏ ਨੈਣ ਤੇ ਟਿਕ ਗਈ ਬਿਰਤੀ, ਵਾਹਿਗੁਰੂ ਵਾਹਿਗੁਰੂ ਗਾਂਦੀ।
ਦੇਗੇ ਦੇ ਉਬਾਲਿਆਂ ਵਿਚੋਂ, ਮਧੁਰ ਗੂੰਜ ਪਈ ਆਂਦੀ।
ਧਰਮੀ ਸਦਾ ਹੀ ਚਮਕਣ ਜੱਗ ਤੇ, ਬਣ ਕੇ ਚੰਦ ਅਸਮਾਨੀ।
ਕਾਇਮ 'ਨੀਰ' ਹਮੇਸ਼ਾਂ ਰਹਿਸੀ, ਸੁਚੀ ਇਹ ਕੁਰਬਾਨੀ।

# ਕੇਸ ਗੁਰੂ ਕੀ ਮੋਹਰ ਹਨ

੧, ਸਿਖ ਦੀ ਮੁਖ-ਰਹਿਤ ਕੇਸ ਹਨ।
੨. ਕੇਸਾਂ ਤੋਂ ਬਿਨਾਂ ਕੋਈ ਸਿਖ ਨਹੀਂ ਹੋ ਸਕਦਾ।
੩. ਕੇਸਾਂ ਦਾ ਸਤਿਕਾਰ ਕਰਨਾ ਗੁਰੂ ਕੇ ਸਿਖ ਦਾ ਲਾਜ਼ਮੀ ਫ਼ਰਜ਼ ਹੈ।
੪, ਕੇਸਾਂ ਦੀ ਸਾਂਭ-ਸੰਭਾਲ ਲਈ ਦੋ ਕਕਾਰ ਬਖਸ਼ੇ ਗਏ—ਕੰਘਾ ਅਤੇ ਛੋਟੀ ਦਸਤਾਰ।
੫. ਕੇਸਾਂ ਨੂੰ ਸਦਾ ਢਕੇ ਰਖਣ ਦਾ, ਗੁਰੂ ਕਾ ਹੁਕਮ ਹੈ।
੬. ਨੰਗੇ ਸਿਰ ਫਿਰਨਾ, ਨੰਗੇ ਸਿਰ ਭੋਜਨ ਛਕਣਾ ਵਿਵਰਜਿਤ ਹੈ।
੭. ਰਹਿਤ ਸਿੰਘਾਂ ਤੇ ਸਿੰਘਣੀਆਂ ਦੋਹਾਂ ਲਈ ਇਕੋ ਜਿਹੀ ਹੈ। ਜੇ ਸਿੰਘ ਲਈ ਨੰਗੇ ਸਿਰ ਬਜ਼ਾਰਾਂ ਤੇ ਘਰਾਂ ਵਿਚ ਵਿਚਰਨਾ ਮਨ੍ਹਾ ਹੈ ਤਾਂ ਸਿਖ ਇਸਤ੍ਰੀਆਂ ਲਈ ਵੀ ਨੰਗੇ ਸਿਰ ਵਿਚਰਨਾ ਗੁਰੂ ਤੋਂ ਬੇਮੁਖ ਹੋਣਾ ਹੈ।
੮. ਬੱਚਿਆਂ ਦੇ ਵੀ ਪੂਰੇ ਕੇਸ ਢਕਣੇ ਜ਼ਰੂਰੀ ਹਨ, ਕੇਵਲ ਜੂੜੇ ਤੇ ਰੁਮਾਲੀ ਜਿਹੀ ਬੰਨ੍ਹਣੀ ਗੁਰਸਿਖੀ ਨਹੀਂ।
੯. ਟੋਪੀ-ਨੁਮਾ ਪੱਗਾਂ ਬੱਚਿਆਂ ਨੂੰ ਪਹਿਨਾਉਣੀਆਂ ਭੁੱਲ ਹੈ। ਟੋਪੀ ਪਹਿਨਣ ਵਾਲਾ ਸਿਖ ਤਨਖਾਹੀਆ ਹੈ।


www.AKJ.Org

# ਰੁਬਾਈਆਂ

[ਸ: ਤੇਗ ਬਹਾਦਰ ਸਿੰਘ "ਤੇਗ"]

'ਗੁਰਮਤਿ' ਗਾਡੀ ਰਾਹ ਸਿੱਖਾਂ ਵਾਸਤੇ ।
ਮੁਨਾਰਾ ਚਾਨਣ ਦਾ ਸਿੱਖਾਂ ਵਾਸਤੇ ।
ਨਾਮ, ਬਾਣੀ, ਪਿਆਰ, ਸੇਵਾ, ਧਰਮ ਇਹ;
ਸ਼ਾਸਤਰ ਗੁਰੂ ਦਾ ਸਿੱਖਾਂ ਵਾਸਤੇ ।

ਕ੍ਰਿਪਾਨ ਜੀਹਦੇ ਗਾਤਰੇ ਉਹ ਸਿੰਘ ਹੈ ਸਰਦਾਰ ਹੈ ।
ਨਾਮ, ਬਾਣੀ ਪੜ੍ਹੇ, ਜੋ ਉਹਨੂੰ ਜਮਾਂ ਦੀ ਨ ਮਾਰ ਹੈ ।
ਨਾਮ ਦਾ ਤਪ ਤੇਜ ਹੈ, ਬਾਣੀ ਦਾ ਪ੍ਰਤਾਪ ਹੈ;
ਕੌਮ ਜ਼ਿੰਦਾ ਹੈ ਉਹੀ, ਜੀਹਦਾ ਕੋਈ ਕਿਰਦਾਰ ਹੈ ।

ਜਦ ਤੋਂ ਭੁਲਿਆ ਨਾਮ ਪ੍ਰਭੂ ਦਾ, ਚਿੰਬੜ ਗਏ ਹਨ ਰੋਗ ।
ਜਦ ਤੋਂ ਛਡਿਆ ਨਾਮ ਨੂੰ ਜਪਣਾ, ਗਲ ਪੈ ਗਿਆ ਸੋਗ ।
ਗੱਡੀ ਲਾਈਨੋਂ ਜਦ ਵੀ ਉਤਰੇ, ਹੱਥ ਨ ਕੁਝ ਵੀ ਆਵੇ;
ਸਵਰਗਾਂ ਦੇ ਵਿਚ ਰਹਿ ਕੇ ਵੀ, ਨਰਕ ਰਹੇ ਅਸੀਂ ਭੋਗ ।

ਮੇਰੇ ਅੰਦਰ ਅੱਗ ਬਲਦੀ ਹੈ, ਸੰਤੋ ਆਉ ਬੁਝਾਉ ।
ਨਿਸ਼ ਦਿਨ ਮੈਨੂੰ ਇਹ ਸਾੜਦੀ, ਤਰਸ ਮੇਰੇ ਤੇ ਖਾਉ ।
ਇਹ ਅੱਗ (ਤਾਂ) ਤ੍ਰਿਸ਼ਨਾ ਦੀ, ਕੋਈ ਕਾਮਿਲ ਗੁਰੂ ਬੁਝਾਵੇ;
ਖੰਡੇ ਬਾਟੇ ਦਾ ਅੰਮ੍ਰਿਤ ਦੇ ਕੇ, ਸ਼ਬਦ ਗੁਰੂ ਲੜ ਲਾਉ ।

ਸਾਡਾ ਗੁਰੂ ਗ੍ਰੰਥ ਹੈ ਲੋਕੋ, ਹੋਰ ਗੁਰੂ ਨ ਸਾਡਾ ਕੋਈ ।
ਜਿਹਤੋਂ ਬਿਨਾਂ ਕਿਉਂ ਸੀਸ ਝੁਕਾਈਏ, ਤਲਵਾਰ ਧਰੀ ਨਾ ਹੋਈ ।
ਮੜ੍ਹੀ, ਮਸਾਣੀ, ਗੁੱਗੇ ਨੌਮੀ ਨੂੰ, ਸਿੰਘ ਨ ਕਦੇ ਧਿਆਉਂਦੇ;
ਜੋ ਚਾਹੁੰਦੇ, ਗੁਰੂ ਤੋਂ ਮਿਲਦਾ, ਹੋਰ ਕਿਸੇ ਤੇ ਨ ਰਖਦੇ ਢੋਈ ।

ਸਹਸ ਸਿਆਣਪਾਂ ਲਖ ਦੁੜਾਵਾਂ, ਮੈਨੋ ਆਵੇ ਨਾ ਕੋਈ ਰਾਸ ।
ਸਭ ਆਸਾਂ ਨੂੰ ਟੰਗ ਛਿੱਕੇ ਤੇ, ਅਕਾਲ ਪੁਰਖ ਤੇ ਰੱਖੀ ਆਸ ।
ਸਿਆਣਪ ਆਪਣੀ ਕੰਮ ਨਾ ਆਵੇ, ਲੱਖਾਂ ਹੀ ਮੈਂ ਤਰਲੇ ਮਾਰੇ;
ਜੋ ਭਾਵੇ ਸੋ ਕਾਰ ਕਮਾਵੇ, ਹੋਰ ਝੂਠੇ ਤੇਰੇ ਸਭ ਕਿਆਸ ।


# ਸਿੱਖ ਇਕ ਵੱਖਰੀ ਕੌਮ

ਸਿੱਖਾਂ ਦਾ ਧਾਰਮਿਕ, ਸਮਾਜਿਕ, ਸਭਿਆਚਾਰਕ, ਇਤਿਹਾਸਕ ਤੇ ਰਾਜਨੀਤਕ ਵਿਰਸਾ 'ਸਿੱਖ ਕੌਮ' ਦੀ ਅਟੱਲ ਸੱਚਾਈ ਨੂੰ ਪਰਮਾਣਿਤ ਕਰਦਾ ਹੈ ।'ਕੌਮ' ਦੀਆਂ ਪਰਮਾਣਿਤ ਪਰਿਭਾਸ਼ਾਵਾਂ ਦੀ ਕਸੌਟੀ ਅਨੁਸਾਰ ਵੀ ਸਿੱਖ 'ਕੌਮ' ਪਦ ਦੇ ਅਧਿਕਾਰੀ ਹਨ । ਇਸ ਪੁਸਤਕ ਵਿਚ ਦੋ ਨਵੇਂ ਲੇਖਾਂ ਸਹਿਤ ੧੩ ਵਿਦਵਾਨਾਂ ਦੇ ਲੇਖ ਹਨ, ਜੋ ਸਿੱਖ ਕੌਮ ਦੀ ਵਿਲੱਖਣ ਹੋਂਦ ਦੇ ਸੱਚ ਨੂੰ ਵੱਖ ਵੱਖ ਪੱਖਾਂ ਤੋਂ ਦ੍ਰਿੜ੍ਹਾਉਂਦੇ ਹਨ । ਪੰਨੇ ੨੬੪, ਭੇਟਾ ਛੇ ਰੁਪਏ





www.AKJ.Org

# ਭੀ ਗੁਰੁ ਦੇਖਣ ਜਾਈ

[ ਪ੍ਰੋਫੈਸਰ ਗੁਰਮੁਖ ਸਿੰਘ ਜੀ ]

ਗੁਰਮੱਤੀ ਕਦਰਾਂ ਅਨੁਸਾਰ ਸਿੱਖ ਲਈ ਗੁਰੂ ਮਹਾਰਾਜ ਦੇ ਨਿੱਤ ਅੰਮ੍ਰਿਤ ਵੇਲੇ ਦਰਸ਼ਨ ਕਰਨੇ, ਲਾਜ਼ਮੀ ਹਨ। ਇਕ ਬਾਹਰਮੁਖੀ ਦਰਸ਼ਨ ਹੁੰਦੇ ਹਨ। ਦੂਜੇ ਅੰਤਰਮੁਖੀ ਦਰਸ਼ਨ ਭੀ ਹੁੰਦੇ ਹਨ। ਸਿੱਖ ਦੇ ਜੀਵਨ ਦਾ ਆਧਾਰ ਅੰਤਰਮੁਖੀ ਦਰਸ਼ਨ ਹਨ। ਇਸ ਤੋਂ ਬਿਨਾਂ ਸਿਖ ਦੀ ਮਾਨਸਿਕ ਅਤੇ ਆਤਮਕ ਮੌਤ ਸਮਝੋ। –ਸੰਪ੍ਰਾਦਕ

ਝਖੜੁ ਝਾਗੀ ਮੀਹੁ ਵਰਸੈ, ਭੀ ਗੁਰੁ ਦੇਖਣ ਜਾਈ ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ, ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ, ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥
(ਸੂਹੀ ਅਸਟਪਦੀਆ ਮ: ੪–੭੫੭)

ਸ੍ਰੀ ਗੁਰੂ ਰਾਮ ਦਾਸ ਜੀ ਨੇ ਸਮੂਹ ਸਿਖ ਸੰਗਤਾਂ ਲਈ ਉਪਰੋਕਤ ਗੁਰ ਫੁਰਮਾਨ ਰਾਹੀਂ ਮਿਆਰ ਬਣਾ ਦਿੱਤਾ ਹੈ ਕਿ ਸਿਖ ਅਤੇ ਗੁਰੂ ਵਿਚਕਾਰ ਕੀ ਰਾਬਤਾ (relationship) ਹੋਣਾ ਚਾਹੀਦਾ ਹੈ। ਜਿਵੇਂ ਜੀਵ ਜੰਤ ਪਾਣੀ ਤੋਂ ਬਿਨਾਂ ਮਰ ਜਾਂਦੇ ਹਨ, ਇਵੇਂ ਹੀ ਸਿਖ ਦੇ ਹਿਰਦੇ ਵਿਚ ਗੁਰੂ ਲਈ ਇਤਨਾ ਪਿਆਰ ਹੋਵੇ ਕਿ ਉਹ ਗੁਰੂ ਤੋਂ ਬਿਨਾਂ ਰਹਿ ਹੀ ਨ ਸਕੇ, ਮਰ ਜਾਏ। ਗੁਰੂ ਅਤੇ ਸਿਖ ਵਿਚਕਾਰ ਪ੍ਰਸਪਰ ਪ੍ਰੇਮ ਦੀ ਐਸੀ ਤਾਰ ਬੱਝ ਜਾਂਦੀ ਹੈ ਜਿਸ ਨੂੰ ਸਤਿਗੁਰਾਂ ਨੇ ਗੁਰਬਾਣੀ ਰਾਹੀਂ ਸੰਕੇਤਕ ਰੂਪ ਵਿਚ ਵਰਨਿਆ ਹੈ–

ਹਉ ਵਾਰੀ ਮੁਖੁ ਫੇਰਿ ਪਿਆਰੇ ॥ ਕਰਵਟੁ ਦੇ ਮੋਕਉ ਕਾਹੇ ਕਉ ਮਾਰੇ ॥੧॥ਰਹਾਉ॥
(ਗਉੜੀ ਕਬੀਰ ਜੀ, ੪੯੪)
ਜਿਉ ਧਰਤੀ ਸੋਭ ਕਰੇ ਜਲੁ ਬਰਸੈ, ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥
(ਸੂਹੀ ਅਸਟ: ਮ: ੪, ਪੰਨਾ ੭੫੭-੫੮)

ਸਵਾਲ ਉਠਦਾ ਹੈ ਕਿ ਸਤਿਗੁਰੂ ਸਾਹਿਬ ਜੀ ਸਿਖ ਲਈ ਗੁਰੂ ਨਾਲ ਇਤਨਾ ਡੂੰਘਾ ਪਿਆਰ ਪਾਉਣ ਲਈ ਕਿਉਂ ਪ੍ਰੇਰਦੇ ਹਨ ? ਮੀਂਹ ਝਖੜ ਹੋਵੇ, ਦਰਿਆ ਵਿਚ ਹੜ੍ਹ ਹੋਵੇ, ਸਮੁੰਦਰ ਖਾਰਾ ਪਿਆ ਹੋਵੇ, ਪਰ ਜੇ ਗੁਰੂ ਦੇ ਦਰਸ਼ਨ ਕਰਨ ਦਾ ਸਮਾਂ ਹੋਵੇ ਤਾਂ ਇਹਨਾਂ ਸਾਰੀਆਂ ਰੁਕਾਵਟਾਂ ਨੂੰ ਪਾਰ ਕਰ ਕੇ ਭੀ ਜ਼ਰੂਰ ਪੁਜਣਾ ਹੈ। ਪਰ ਸਾਹਿਬਾਂ ਨੇ ਕਿਉਂ ਇਸ ਉਤੇ ਇਤਨਾ ਜ਼ੋਰ ਦਿੱਤਾ ਹੈ ?

ਪੁਰਾਤਨ ਸਿਖ ਸੰਗਤਾਂ ਗੁਰ-ਫੁਰਮਾਨ ਤੇ ਕਿੰਤੂ ਨਹੀਂ ਸਨ ਕਰਦੀਆਂ, ਪਰ ਅਜ ਦੀ ਪਛਮੀ-ਵਿਦਿਆ ਦੇ ਚੰਡੇ ਹੋਏ ਸਿਖ-ਸੇਵਕ ਗੁਰ ਫੁਰਮਾਨਾਂ ਤੇ ਵਿਚਾਰ ਕਰਨਾ ਠੀਕ ਸਮਝਦੇ ਹਨ। ਭਾਵੇਂ ਇਹ ਵਿਚਾਰ ਸਤਿਗੁਰਾਂ ਲਈ ਭੈ-ਭਾਵਨੀ ਦੇ ਰਾਹ ਵਿਚ ਰੁਕਾਵਟ ਪੈਦਾ ਕਰਦੀ ਹੈ, ਪਰ ਚਲੋ, ਜੇ ਕੋਈ ਦਲੀਲ ਨਾਲ ਸਮਝ ਕੇ ਭੈ-ਭਾਵਨੀ ਵਿਚ ਆ ਜਾਵੇ ਤਾਂ ਭੀ ਘਾਟੇ ਵਾਲਾ ਸੌਦਾ ਨਹੀਂ। ਸਤਿਗੁਰੂ ਜੀ ਸਿੱਖ ਅਤੇ ਗੁਰੂ ਦੇ ਨਿੱਤ ਦੇ ਮਿਲਾਪ ਤੇ ਇਸ ਲਈ ਜ਼ੋਰ ਦਿੰਦੇ ਸਨ ਕਿਉਂਕਿ ਗੁਰਮਤਿ ਕੇਵਲ ਅਕਾਲ ਪੁਰਖ ਨਾਲ ਹੀ ਸਿੱਖ ਨੂੰ ਪਿਆਰ ਪਾਉਣ ਦਾ ਉਪਦੇਸ਼ ਕਰਦੀ ਹੈ। ਉਹ ਅਕਾਲ ਪੁਰਖ ਅਦ੍ਰਿਸ਼ਟ ਹੈ, ਅਗੋਚਰ ਹੈ–ਸਾਡੇ ਮਨ ਤੇ ਬੁਧੀ ਦੀ ਪਕੜ ਵਿਚ ਨਹੀਂ ਆਉਂਦਾ। ਅਗੰਮ ਹੈ–ਸਾਡੀ ਦਿਮਾਗੀ ਉਡਾਰੀ ਤੋਂ ਭੀ ਪਰੇ ਹੀ ਪਰੇ ਹੈ। ਐਸੇ ਵਾਹਿਗੁਰੂ ਜੀ ਨਾਲ ਪਿਆਰ ਪਾਇਆ ਜਾਏ ਤਾਂ ਕਿਵੇਂ ?

ਹਰਿ ਜੀ ਸੂਖਮੁ ਅਗਮੁ ਹੈ, ਕਿਤੁ ਬਿਧਿ ਮਿਲਿਆ ਜਾਇ ॥

ਉਤਰ ਹੈ–ਗੁਰ ਕੈ ਸਬਦਿ ਭ੍ਰਮੁ ਕਟੀਐ, ਅਚਿੰਤੁ ਵਸੈ ਮਨਿ ਆਇ ॥ ੧ ॥ (ਸੂਹੀ ਮ: ੩, ਪੰਨਾ ੭੫੬)



www.AKJ.Org

ਗੁਰੂ ਦੇ ਸ਼ਬਦ ਰਾਹੀਂ ਅਗਿਆਨ-ਅੰਧੇਰਾ ਦੂਰ ਕਰ ਕੇ ਅਚਿੰਤੇ ਹੀ ਵਾਹਿਗੁਰੂ ਜੀ ਅੰਦਰ ਆ ਵਸਦੇ ਹਨ । ਉਸ ਸੂਖਮ ਅਗੰਮ ਵਾਹਿਗੁਰੂ ਜੀ ਦਾ ਸਫਲ ਸਰੂਪ ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਲਈ ਸ੍ਰੀ ਗੁਰੂ ਮਹਾਰਾਜ ਸਿਖ ਨੂੰ ਸ਼ੁਰੂ ਤੋਂ ਹੀ ਸਮਝਾਉਂਦੇ ਆ ਰਹੇ ਹਨ ਕਿ—

ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸਕਾ ਰੂਪੁ ॥੨॥੫੬॥ (ਭੈਰਉ ਮ: ੫, ਪੰਨਾ ੧੧੫੨

ਦ੍ਰਿਸ਼ਟਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਪਿਆਰ ਕਰਨਾ ਤੇ ਸੇਵ ਕਮਾਉਣੀ, ਭਾਵ, ਗੁਰੂ ਭਗਤੀ ਕਰਨੀ, ਸਾਡੀ ਸਥੂਲ ਬੁੱਧੀ ਲਈ ਆਸਾਨ ਹੈ। ਇਸ ਲਈ ਸਿਖ ਲਈ ਇਹ ਗੱਲ ਲਾਜ਼ਮੀ ਕਰ ਦਿੱਤੀ ਗਈ ਕਿ ਉਹ ਅੰਮ੍ਰਿਤ ਵੇਲੇ ਦੀ ਘਾਲਣਾ ਘਾਲਣ ਤੋਂ ਉਪਰੰਤ ਸਾਧ ਸੰਗਤ ਵਿਚ ਜਾਏ ਅਤੇ ਗੁਰੂ ਮਹਾਰਾਜ ਨੂੰ ਪਰਤਖ ਸਤਿਗੁਰਾਂ ਦੀ ਜਾਗਦੀ ਜੋਤਿ ਮੰਨ ਕੇ ਦਰਸ਼ਨ ਕਰੇ, ਸਤਿਕਾਰ ਸਹਿਤ ਦਰਬਾਰ ਵਿਚ ਹਾਜ਼ਰੀ ਭਰੇ, ਕੀਰਤਨ ਕਰੇ ਜਾਂ ਸੁਣੇ, ਸ਼ਬਦ ਵੀਚਾਰ ਕਰੇ ਜਾਂ ਸੁਣੇ। ਭਾਵ ਤਾਂ ਇਹ ਹੈ ਕਿ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੁਝ ਸਮਾਂ ਸਫਲ ਕਰੇ। ਸਿੱਖ ਨੇ ਨਿੱਤ ਦੇ ਦਰਸ਼ਨਾਂ ਰਾਹੀਂ ਗੁਰੂ-ਭਗਤੀ ਕਰਨੀ ਹੈ। ਉਪਰੋਕਤ ਗੁਰਵਾਕ ਵਿਚ ਖਾਰੇ ਸਮੁੰਦਰ ਜਾਂ ਝੱਖੜ ਮੀਂਹਾਂ ਦੀ ਪਰਵਾਹ ਨਾ ਕਰਦੇ ਹੋਏ ਗੁਰੂ-ਦਰਸ਼ਨਾਂ ਲਈ ਜਾਣ ਦੇ ਪਿਛੇ ਗੁਰੂ-ਭਗਤੀ ਦਾ ਹੁਕਮਨ ਸਿਰ ਹੁਕਮ ਗੁਪਤ ਰੂਪ ਵਿਚ ਦਰਸਾਇਆ ਗਿਆ ਹੈ।

ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥
ਹਰਿ ਜਨ ਦੇਖਹੁ ਸਤਿਗੁਰੁ ਨੈਨੀ ॥ (ਬਿਲਾਵਲੁ ਮ: ੪, ਪੰਨਾ ੮੦੦)

ਗਉੜੀ ਕੀ ਵਾਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਉਹਨਾਂ ਲੋਕਾਂ ਦਾ ਜ਼ਿਕਰ ਕਰਦੇ ਹਨ ਜੋ ਗੁਰ-ਦਰਸ਼ਨਾਂ ਤੋਂ ਜੀਅ ਚੁਰਾਂਦੇ ਹਨ, ਜਾਂ ਬੱਧੇ ਚੱਟੀ ਗੁਰ-ਦਰਸ਼ਨਾਂ ਲਈ, ਖ਼ਾਲੀ ਭਾਵਨੀ ਜਾਂਦੇ ਹਨ ਤੇ ਖ਼ਾਲੀ ਹੀ ਮੁੜ ਆਉਂਦੇ ਹਨ।

ਮਨਮੁਖੁ ਅਹੰਕਾਰੀ ਮਹਲੁ ਨ ਜਾਣੈ, ਖਿਨੁ ਆਗੈ, ਖਿਨੁ ਪੀਛੈ ॥
ਸਦਾ ਬੁਲਾਈਐ ਮਹਲਿ ਨ ਆਵੈ, ਕਿਉਕਰਿ ਦਰਗਹ ਸੀਝੈ ॥੨॥੨੫॥ (੩੧੪)

ਅਗੇ ਚਲ ਕੇ ਆਪ ਫੁਰਮਾਉਂਦੇ ਹਨ :–

ਜਿਨਿ ਗੁਰੁ ਗੋਪਿਆ ਆਪਣਾ, ਤਿਸੁ ਠਉਰ ਨ ਠਾਉ ॥
ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ॥
ਓਹ ਵੇਲਾ ਹਥਿ ਨ ਆਵਈ ਫਿਰਿ ਸਤਿਗੁਰ ਲਗਹਿ ਪਾਇ ॥
ਸਤਿਗੁਰ ਕੀ ਗਣਤੈ ਘੁਸੀਐ, ਦੁਖੇ ਦੁਖਿ ਵਿਹਾਇ ॥ ੧ ॥ ੨੬ ॥
(ਗਉੜੀ ਕੀ ਵਾਰ, ਸਲੋਕੁ ਮ: ੩, ਪੰਨਾ ੩੧੪)

ਭਾਵ, ਜਿਹੜੇ ਸਤਿਗੁਰਾਂ ਨੂੰ ਪਰਤੱਖ ਨਿਰੰਜਨੀ ਜੋਤਿ ਨਹੀਂ ਮੰਨਦੇ (ਗੋਪਦੇ ਹਨ), ਉਹਨਾਂ ਨੂੰ ਹਲਤ (ਇਸ ਦੁਨੀਆ ਵਿਚ) ਅਤੇ ਪਲਤ (ਅਣਡਿੱਠੀ ਦੁਨੀਆ) ਵਿਚ ਅਤੇ ਸਚੀ ਦਰਗਾਹ ਵਿਚ ਕੋਈ ਥਾਉਂ ਨਹੀਂ ਮਿਲਦਾ। ਮੁੜ ਕੇ ਉਹ ਵੇਲਾ ਭੀ ਹਥ ਨਹੀਂ ਆਉਂਦਾ ਕਿ ਉਹ ਸਤਿਗੁਰੂ ਜੀ ਦੀ ਸ਼ਰਨੀ ਲਗ ਸਕਣ । ਗੁਰੂ ਪਾਤਸ਼ਾਹ ਚਿਤਾਵਨੀ ਦੇ ਰਹੇ ਹਨ ਕਿ ਜਦੋਂ ਸਾਧ ਸੰਗਤ ਵਿਚ ਗੁਪਤ ਹਾਜ਼ਰੀ ਲਗਦੀ ਹੈ (ਗਣਤੈ ਘੁਸੀਐ), ਉਸ ਤੋਂ ਗ਼ੈਰਹਾਜ਼ਰ ਰਹਿਣ ਨਾਲ ਇਹ ਲੋਕ ਤੇ ਪਰਲੋਕ ਦੋਵੇਂ ਹਥੋਂ ਜਾਂਦੇ ਰਹਿੰਦੇ ਹਨ ਤੇ ਜੀਵਨ ਭੀ ਦੁਖਮਈ ਹੋ ਜਾਂਦਾ ਹੈ।

ਅਖੰਡ ਕੀਰਤਨੀ ਜਥੇ ਦੇ ਬੜੇ ਪੁਰਾਤਨ ਗੁਰਸਿਖ ਗੁਰਪੁਰਵਾਸੀ ਕਰਨਲ ਪਿਆਰਾ ਸਿੰਘ ਜੀ (ਜੈਪੁਰ ਨਿਵਾਸੀ) ਇਹਨਾਂ ਸਤਰਾਂ ਦੇ ਲਿਖਾਰੀ ਨੂੰ ਕਿਹਾ ਕਰਦੇ ਸਨ ਕਿ ਅੰਮ੍ਰਿਤ ਵੇਲੇ ਸੱਚੇ ਪਾਤਸ਼ਾਹ ਆਪ ਹਾਜ਼ਰੀ ਲਗਾਉਂਦੇ ਹਨ ਅਤੇ ਜੋ ਗੁਰਸਿਖ ਅੰਮ੍ਰਿਤ ਵੇਲੇ ਦੀ ਸੰਭਾਲ ਨਹੀਂ ਕਰਦੇ ਉਹਨਾਂ ਦੀ ਗ਼ੈਰ-ਹਾਜ਼ਰੀ ਲਗਦੀ ਰਹਿੰਦੀ ਹੈ ਅਤੇ ਕੁਝ ਸਮੇਂ ਪਿਛੋਂ ਉਹਨਾਂ ਦਾ ਨਾਮ ਕੱਟ ਜਾਂਦਾ ਹੈ। ਉਹਨਾਂ ਦੀ ਉਪਰੋਕਤ ਧਾਰਨਾ ਦਾ ਆਧਾਰ



www.AKJ.Org

ਇਹ ਗੁਰ-ਫੁਰਮਾਨ ਸੀ । ਸਤਿਗੁਰ ਕੀ ਗਣਤੈ ਘੁਸੀਐ, ਦੁਖੇ ਦੁਖਿ ਵਿਹਾਇ ॥ (੩੧੪)

ਉਪਰੋਕਤ ਗੁਰ-ਫੁਰਮਾਨਾਂ ਦਾ ਵੱਡਾ ਮਨੋਰਥ ਇਹ ਜਾਪਦਾ ਹੈ :–ਹਰ ਸਿਖ ਲਈ ਲਾਜ਼ਮੀ ਬਣਾ ਦਿੱਤਾ ਗਿਆ ਸੀ ਕਿ ਉਹ ਸਤਸੰਗਤ ਵਿਚ ਰੋਜ਼ਾਨਾ ਹਾਜ਼ਰੀ ਭਰੇ । ਹਾਜ਼ਰੀ ਭਰਨ ਦਾ ਇਹ ਭਾਵ ਕਦਾਚਿਤ ਨਹੀਂ ਸੀ, ਕਿ ਉਹ ਉਹਨਾਂ ਕਿਰਾੜਾਂ ਵਾਂਗ ਆਏ ਜਿਨ੍ਹਾਂ ਟਲ ਖੜਕਾਇਆ, ਮੂਰਤੀ ਦੀ ਪਰਦਖਣਾ ਕੀਤੀ, ਜਾਂ ਮੂਰਤੀ ਤੇ ਲੱਸੀ ਪਾਈ ਜਾਂ ਦੋ ਕੁ ਫੁਲ ਅਰਪਨ ਕੀਤੇ ਤੇ ਤੁਰਦੇ ਬਣੇ । ਅਜੋਕੀਆਂ ਸਿਖ-ਸੰਗਤਾਂ ਵਿਚ ਭੀ ਉਵੇਂ ਕਿਵੇਂ ਦੀ ਗ਼ਲਤ ਪਰੰਪਰਾ ਬਣਦੀ ਜਾ ਰਹੀ ਹੈ । ਸਿਖ ਗੁਰਦਵਾਰੇ ਸਾਹਿਬ ਵਿਖੇ ਜਾਂਦੇ ਹਨ, ਮੱਥਾ ਟੇਕਿਆ ਤੇ ਪਰਤਦੇ ਬਣੇ । ਕਥਾ-ਕੀਰਤਨ ਦਾ ਰਸ ਮਾਨਣ ਵਲ ਘਟ ਹੀ ਧਿਆਨ ਦੇਂਦੇ ਹਨ ।

ਗੁਰਮਤੀ ਕਦਰਾਂ-ਕੀਮਤਾਂ ਤੋਂ ਇਹ ਸੇਧ ਮਿਲਦੀ ਹੈ ਕਿ ਸਤਸੰਗਤ ਵਿਚ ਵੱਧ ਤੋਂ ਵੱਧ ਸਮਾਂ ਬਿਤਾਇਆ ਜਾਏ, ਤਾਂਕਿ ਕਥਾ-ਕੀਰਤਨ ਦੀ ਪਾਰਸ-ਕਲਾ ਰਾਹੀਂ ਜਗਿਆਸੂ ਦੇ ਮਨ ਦੀ ਜਨਮ ਜਨਮ ਦੀ ਮੈਲ ਉਤਾਰੀ ਜਾ ਸਕੇ । ਜੇ ਜਗਿਆਸੂ ਨੇ ਕਥਾ-ਕੀਰਤਨ ਸਰਵਣ ਹੀ ਨਹੀਂ ਕਰਨਾ ਤਾਂ ਮੈਲ ਕਿਵੇਂ ਉਤਰੇਗੀ ?

ਸੁਣਿ ਹਰਿ ਕਥਾ ਉਤਾਰੀ ਮੈਲੁ ॥੧॥੭੧॥ (੧੭੮)

ਇਸ ਲਈ ਸਾਨੂੰ ਇਹ ਸੋਚਣਾ ਪਵੇਗਾ ਕਿ ਕੀ ਅਸੀਂ ਸਤਿਗੁਰਾਂ ਦੇ ਕਰਮ-ਕਾਂਡੀ ਦਰਸ਼ਨ ਕਰਨੇ ਹਨ ਜਾਂ ਪ੍ਰੇਮ-ਰਸ-ਭਿੰਨੇ ਦਰਸ਼ਨ ਪਰਸਣੇ ਹਨ ? ਅਜੋਕੇ ਵਿਦਿਅਕ, ਸਮਾਜਿਕ ਅਤੇ ਆਰਥਕ ਢਾਂਚੇ ਦੇ ਰੁਝੇਵਿਆਂ ਵਿਚ ਦਫ਼ਤਰਾਂ, ਸਕੂਲਾਂ,ਕਾਲਜਾਂ ਜਾਂ ਕਾਰੋਬਾਰਾਂ ਤੇ ਜਾਣ ਦੀਆਂ ਜ਼ਿਮੇਵਾਰੀਆਂ ਤੋਂ ਬਿਨਾਂ ਕਈ ਤਰ੍ਹਾਂ ਦੀਆਂ ਸੁਸਾਇਟੀਆਂ ਵਿਚ ਵਿਚਰਨ ਦੇ ਬਹੁ ਭਾਂਤੀ ਪ੍ਰੋਗਰਾਮ ਹੁੰਦੇ ਹਨ । ਦੇਰ ਰਾਤ ਤਕ ਟੀ. ਵੀ. ਦੇ ਪ੍ਰੋਗਰਾਮ ਦੇਖਣ ਨੂੰ ਭੀ ਜੀਅ ਕਰਦਾ ਹੈ । ਜਿਸ ਕਰਕੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ ਔਖੀ ਹੋ ਜਾਂਦੀ ਹੈ । ਪਰ ਗੁਰਮਤੀ ਕਦਰਾਂ ਕੀਮਤਾਂ ਅਚੱਲ ਹਨ, ਅਟੱਲ ਹਨ ।

ਗੁਰਮਤੀ ਮਾਰਗ ਤੇ ਚਲਣ ਵਾਲੇ ਲਈ 'ਗੁਰਮਤਿ' ਦੀ ਕਮਾਈ ਕਰਨੀ ਮੁਖ ਕਰਮ ਹੈ । ਉਹ ਗ੍ਰਿਹਸਥੀ ਜ਼ਿਮੇਵਾਰੀਆਂ ਨਿਭਾਉਣ ਲਈ ਕਿਰਤ, ਧਰਮ ਦੀ ਕਿਰਤ ਲਾਜ਼ਮੀ ਸਮਝਦਾ ਹੈ, ਪਰ ਹੋਰ ਹਰ ਤਰ੍ਹਾਂ ਦੇ ਸਮਾਜਿਕ ਪ੍ਰੋਗਰਾਮਾਂ ਆਦਿ ਤੋਂ ਉਹ ਕੰਨੀ ਕਤਰਾਂਦਾ ਹੈ, ਅਤੇ ਟੀ. ਵੀ. ਆਦਿ ਦੀ ਚਮਕ ਦਮਕ ਵਿਚ ਉਹ ਫਸਦਾ ਨਹੀਂ, ਉਸ ਲਈ ਇਹ ਸਭ ਮਨਮੁਖੀ ਅਡੰਬਰ ਹਨ, ਵਾਹਿਗੁਰੂ ਜੀ ਤੋਂ ਦੂਰ ਲਿਜਾਣ ਵਾਲੇ ਕਰਮ ਹਨ । ਉਸ ਦੀ ਇਕੋ ਲਿਲ੍ਹ ਹੈ–ਜਿਨ ਸਰਧਾ ਰਾਮ ਨਾਮਿ ਲਾਗੀ ਤਿਨ੍ਹ ਦੂਜੈ ਚਿਤੁ ਨ ਲਾਇਆ ਰਾਮ ॥

(ਆਸਾ ਛੰਤ ਮ: ੪, ਪੰਨਾ ੪੪੪)

ਉਹ "ਰਾਗ ਨਾਦ ਛੋਡਿ ਹਰਿ ਸੇਵੀਐ" ਦੀ ਕਾਰ ਕਮਾਂਦਾ ਹੈ ।

ਉਹ ਅੰਮ੍ਰਿਤ ਵੇਲੇ ਦੀ ਕਾਰ ਨਿਭਾਉਣ ਅਤੇ ਗੁਰੂ ਦਰ ਨੂੰ ਪਰਸਣ ਤੋਂ ਬਿਨਾਂ ਹੋਰ ਰਾਜਾਂ ਸਾਜਾਂ, ਰੂਪਾਂ ਰੰਗਾਂ, ਰੰਗ-ਤਮਾਸ਼ਿਆਂ ਨੂੰ ਤੁਛ ਸਮਝਦਾ ਹੈ, ਉਹਨਾਂ ਵਲ ਅੱਖ ਭਰ ਕੇ ਵੀ ਨਹੀਂ ਤਕਦਾ, ਸਗੋਂ ਆਪਣੇ ਦਾਤੇ ਤੋਂ ਮੰਗਦਾ ਹੈ– ਓਹਾ ਪ੍ਰੇਮ ਪਿਰੀ ॥੧॥ ਰਹਾਉ ॥

ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ ॥੧॥
ਰਾਜ ਨ ਭਾਗ ਨ ਹੁਕਮ ਨ ਸਾਦਨ ॥ ਕਿਛੁ ਕਿਛੁ ਨ ਚਾਹੀ ॥੨॥
ਚਰਨਨ ਸਰਨਨ ਸੰਤਨ ਬੰਦਨ ॥ ਸੁਖੋ ਸੁਖੁ ਪਾਹੀ ॥
ਨਾਨਕ ਤਪਤਿ ਹਰੀ ॥ ਮਿਲੇ ਪ੍ਰੇਮ ਪਿਰੀ ॥੩॥੩॥੧੪੩॥ (ਆਸਾ ਮ: ੫, ਪੰਨਾ ੪੦੬–੦੭)

ਅੰਮ੍ਰਿਤ ਵੇਲਾ ਅਤੇ ਸਤਿਸੰਗਤ ਵਿਚ ਹਾਜ਼ਰੀ ਭਰਨੀ ਸਿਖ ਲਈ ਦੋ ਲਾਜ਼ਮੀ ਹੁਕਮ ਹਨ । ਇਹਨਾਂ ਕਦਰਾਂ ਨੇ ਸਾਨੂੰ "ਲਿਵ" ਦੇ ਰਾਹ ਉਤੇ ਪਾਉਣਾ ਹੈ । ਸਾਡੇ ਆਲੇ ਦੁਆਲੇ ਦੇ ਰੁਝੇਵੇਂ ਸਾਨੂੰ ਲਿਵ ਤੋਂ ਤੋੜ ਕੇ ਧਾਤ ਦੇ ਰਾਹ ਉਤੇ ਪਾਉਣ ਲਈ ਖਿਚਦੇ ਹਨ । ਇਹ ਮਿਠੇ ਮਿਠੇ ਰੁਝੇਵੇਂ ਸਿਖ ਲਈ ਚਣੌਤੀ ਹਨ । ਉਸ ਨੇ ਆਪ ਹੀ ਫੈਸਲਾ ਕਰਨਾ ਹੈ ਕਿ ਉਸ ਨੇ ਲਿਵ ਦੇ ਰਾਹ ਤੇ ਤੁਰਨਾ ਹੈ ਜਾਂ ਧਾਤ ਦੇ ਮਾਰਗ ਵਿਚ ਹੀ



www.AKJ.Org

ਮਰ-ਖਪ ਜਾਣਾ ਹੈ ?

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥(ਮਾਝ ਮ: ੫–੯੬)

ਆਹਾ ! ਇਸ ਸ਼ਬਦ ਵਿਚ ਗੁਰੂ ਦੇ ਦਰਸ਼ਨਾਂ ਲਈ ਕਿਤਨੀ ਤੜਪ ਹੈ । ਕਦੀ ਸਾਡੇ ਮਨ ਵਿਚੋਂ ਭੀ ਇਹੋ ਜਿਹੀ ਹੂਕ ਨਿਕਲੇ ! ਹੋਰ ਦੇਖੋ ।

ਮੈ ਬਿਨੁ ਗੁਰ ਦੇਖੇ ਨੀਦ ਨ ਆਵੈ ॥ ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥
ਹਰਿ ਹਰਿ ਦਇਆ ਕਰਹੁ, ਗੁਰ ਮੇਲਹੁ, ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥੪॥੨॥
(ਮਾਝ ਮ: ੪, ਪੰਨਾ ੯੪)

ਵਾਹ ਵਾਹ ! ਕਿਆ ਤੜਪ ਹੈ ਗੁਰੂ ਦੇ ਦਰਸ਼ਨਾਂ ਲਈ । ਸਤਿਗੁਰਾਂ ਨੇ ਬਾਣੀ ਰਾਹੀਂ ਆਪਣੇ ਨਿੱਜੀ ਅਨੁਭਵ ਅੰਕਤ ਕੀਤੇ ਹਨ । ਇਹਨਾਂ ਗੁਰ ਫੁਰਮਾਨਾਂ ਤੋਂ ਸਤਿਗੁਰੂ ਸਾਹਿਬਾਨ ਦੀ ਆਤਮ-ਤਰੰਗੀ ਤੜਪ ਦੇ ਦਰਸ਼ਨ ਹੁੰਦੇ ਹਨ । ਲਿਵ ਦਾ ਮਾਰਗ ਪਿਆਰ ਤੇ ਬੈਰਾਗ ਦਾ ਮਾਰਗ ਹੈ । ਇਸ ਮਾਰਗ ਲਈ ਸਮੁਚੀ ਗੁਰਬਾਣੀ ਸਿਖ ਲਈ ਚਾਨਣ-ਮੁਨਾਰਾ ਹੈ । ਜਿਉਂ ਜਿਉਂ ਬੈਰਾਗ ਅਤੇ ਪ੍ਰੇਮ ਦੀਆਂ ਤਾਰਾਂ ਕਸੀਦੀਆਂ ਹਨ, ਤਿਉਂ ਤਿਉਂ ਉਪਰੋਕਤ ਗੁਰ-ਫੁਰਮਾਨਾਂ ਦੀ ਕਦਰ ਕੀਮਤ ਦੀ ਸੋਝੀ ਪੈਂਦੀ ਹੈ ।

ਅਸੀਂ ਅਜੇ ਬਾਹਰਮੁਖੀ ਦਰਸ਼ਨਾਂ ਨਾਲ ਆਪਣਾ ਮਨ-ਪਰਚਾਵਾ ਬਣਾਇਆ ਹੋਇਆ ਹੈ । ਪਰ ਸਾਡੀ ਮੰਜ਼ਲ ਸਤਿਗੁਰਾਂ ਦੇ ਅੰਤਰਮੁਖੀ ਦਰਸ਼ਨ ਪਰਸਣੇ ਹੈ । ਅੰਤਰਮੁਖੀ ਦਰਸ਼ਨ ਦਾ ਭਾਵ ਹੈ ਪਿਆਰ ਨਾਲ ਗੁਰਬਾਣੀ ਪੜ੍ਹਨਾ, ਸੁਣਨਾ ਅਤੇ ਨਾਮ ਜਪਣਾ, ਤੇ ਇਉਂ ਅੰਤਰ ਆਤਮੇ ਸ਼ਬਦ ਰਾਹੀਂ ਸਤਿਗੁਰਾਂ ਦੇ ਚਰਨ ਪਰਸਣੇ ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥੨੧॥
(ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੯੪)

ਭਾਈ ਗੁਰਦਾਸ ਜੀ ਦੇ ਕਬਿੱਤ ਵਿਚ ਇਕ ਬੜੀ ਰੋਚਕ ਗੱਲ ਕਹੀ ਗਈ ਹੈ :–

ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,
ਸਤਿਗੁਰੁ ਕੋਟਿ ਪੈਂਡਾ ਆਗੈ ਹੋਇ ਲੇਤ ਹੈਂ ॥ ੧੧੧ ॥

ਭਾਵ, ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਜੇਕਰ ਸਿਖ ਪਿਆਰ ਦੀ ਖਿਚ ਵਿਚ, ਇਕ ਕਦਮ ਅਗੇ ਵਧਦਾ ਹੈ ਤਾਂ ਉਸ ਦੇ ਮੁਕਾਬਲੇ, ਪਿਆਰ ਬਦਲੇ ਪਿਆਰ ਦੇਣ ਲਈ ਸਤਿਗੁਰੂ ਜੀ ਆਪਣੇ ਸਿਖ ਦੇ ਹਿਰਦੇ ਦੀ ਪਿਆਰ-ਖਿਚ ਅਨੁਸਾਰ, ਇਕ ਕਰੋੜ ਕਦਮ ਅਗੇ ਵਧ ਕੇ ਸਿਖ ਨੂੰ ਪਿਆਰ ਕਰਦੇ ਹਨ । ਜੇ ਸਿੱਖ ਦੇ ਅੰਦਰ ਗੁਰੂ ਦੇ ਦਰਸ਼ਨਾਂ ਦੀ ਚਾਹ ਹੈ ਤਾਂ ਦੂਜੇ ਪਾਸੇ ਗੁਰੂ ਅੰਦਰ ਭੀ ਸਿਖ ਨੂੰ ਪਿਆਰ ਦੇ ਕੇ ਨਿਹਾਲ ਕਰਨ ਦੀ ਚਾਹ ਹੁੰਦੀ ਹੈ । ਇਹ ਅੰਤਰਮੁਖੀ ਪਿਆਰ ਦੀ ਪ੍ਰਸਪਰ ਖਿੱਚ ਹੈ, ਜਿਸ ਨੂੰ ਬਾਹਰਮੁਖੀ ਬਿਰਤੀ ਵਾਲੇ ਲੋਗ ਕੀ ਜਾਨਣ ।

ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ ॥
ਹਰਿ ਜਾਣਹਿ ਸੇਈ ਬਿਰਹੁ, ਹਉ ਤਿਨ ਵਿਟਹੁ ਸਦ ਘੁਮਿ ਘੋਲੀਆ ॥ (ਪੰਨਾ ੩੧੧)

ਉਪਰੋਕਤ ਗੁਰਮਤੀ ਕਦਰ ਦੀ ਲੋਅ ਵਿਚ ਅੰਦਰ ਝਾਤ ਮਾਰੀਏ ਤੇ ਆਪਣੇ ਅੰਦਰ ਪ੍ਰੇਮ ਦੀਆਂ ਤਣਾਵਾਂ ਹੋਰ ਕਸੀਏ । ਜਿਸ ਦੇ ਅੰਦਰ ਪ੍ਰੇਮ ਦੀ ਖਿਚ ਹੋਵੇ, ਵੇਦਨਾ ਹੋਵੇ, ਪ੍ਰੇਮ-ਪੀੜਾ ਹੋਵੇ, ਓਹੋ ਮਰਜੀਵੜਾ ਗੁਰਸਿਖ ਸਤਿਗੁਰੂ ਦੇ ਦਰਸ਼ਨਾਂ ਲਈ, ਸਤਿਗੁਰੂ ਦੇ ਚਰਨਾਂ ਵਿਚ ਜੁੜਨ ਨਾਲ ਬਿਹਬਲ ਹੋ ਕੇ ਉਤ ਵਲ ਧਾਈ ਕਰਦਾ ਹੈ ਅਤੇ ਗੁਰੂ-ਚਰਨਾਂ ਨੂੰ ਪਰਸ ਕੇ ਵਿਗਾਸ ਵਿਚ ਆ ਜਾਂਦਾ ਹੈ, ਹਰਾ ਭਰਾ ਹੋ ਜਾਂਦਾ ਹੈ । ਉਸ ਦਾ ਅੰਦਰਲਾ ਗੁਰੂ ਦਰ ਦੀਆਂ ਹਾਜ਼ਰੀਆਂ ਭਰਦਾ ਹੋਇਆ ਕੂਕਦਾ ਹੈ–

ਮੈ ਅੰਤਰਿ ਵੇਦਨ ਪ੍ਰੇਮ ਕੀ, ਗੁਰੁ ਦੇਖਤ ਮਨੁ ਸਾਧਾਰਿਆ ॥੪॥੧॥੫॥ (ਸੂਹੀ ਮ: ੪, ਪੰਨਾ ੭੭੬ )



www.AKJ.Org

# ਆਂਡਾ ਸਿਹਤ ਲਈ ਹਾਨੀਕਾਰਕ

[ ਸ: ਗੁਰਸ਼ਰਨ ਸਿੰਘ ਜੀ ਫੁੱਲ ]

ਆਂਡਾ ਖਾਣਾ ਸਿਹਤ ਲਈ ਲਾਭਦਾਇਕ ਮੰਨਿਆ ਜਾਂਦਾ ਰਿਹਾ ਹੈ, ਪਰੰਤੂ ਹੁਣ ਕੁਝ ਵਿਗਿਆਨੀਆਂ ਨੇ ਆਂਡੇ ਬਾਰੇ ਜੋ ਨਤੀਜੇ ਕੱਢੇ ਹਨ, ਇਹ ਇਸ ਧਾਰਨਾ ਦੇ ਬਿਲਕੁਲ ਉਲਟ ਹਨ। ਉਨ੍ਹਾਂ ਨੇ ਦੱਸਿਆ ਹੈ ਕਿ ਆਂਡਾ ਖਾਣਾ ਨਾ ਕੇਵਲ ਸਿਹਤ ਲਈ ਹਾਨੀਕਾਰਕ ਹੈ ਬਲਕਿ ਪ੍ਰਾਣ-ਘਾਤਕ ਵੀ ਸਿਧ ਹੋ ਸਕਦਾ ਹੈ। ਵਿਗਿਆਨੀਆਂ ਅਨੁਸਾਰ ਆਂਡਾ ਖਾ ਕੇ ਵੀ ਅਰੋਗ ਰਹਿਣ ਦੀ ਆਸ ਕਰਨਾ ਬੇਕਾਰ ਹੈ, ਫਜ਼ੂਲ ਹੈ।

ਇੰਗਲੈਂਡ ਦੇ ਡਾ. ਰਾਬਰਟ ਗ੍ਰਾਸ, ਡਾ. ਇਰਵਿੰਗ, ਡਾ. ਕੇਥਰੋਇਨ, ਡਾ. ਈ ਵੀ ਮੈਕਫਲੇਂਗੋ, ਡਾ. ਓਕਡਾ, ਭਾਰਤੀ ਸ਼ਾਕਾਹਾਰ ਕਮੇਟੀ ਦੇ ਨਿਰਦੇਸ਼ਕ ਡਾਕਟਰ ਐਸ ਕੇ ਜੈਨ ਤੇ ਅਮਰੀਕੀ ਹੈਲਥ ਬੁਲਿਟਿਨ ਦੇ ਡਾਕਟਰਾਂ ਨੇ ਆਂਡੇ ਦੇ ਵਿਸ਼ੇ ਵਿਚ ਜੋ ਨਤੀਜੇ ਕੱਢੇ ਹਨ, ਉਹ ਇਸ ਪ੍ਰਕਾਰ ਹਨ :–ਆਂਡੇ ਵਿਚ ਕੋਲੈਸਟਰਲ ਨਾਂ ਦਾ ਇਕ ਤੱਤ ਹੁੰਦਾ ਹੈ ਜੋ ਸਰੀਰ ਨੂੰ ਵੱਖ ਵੱਖ ਤਰ੍ਹਾਂ ਨਾਲ ਨੁਕਸਾਨ ਪੁਚਾ ਸਕਦਾ ਹੈ। ਲਗਾਤਾਰ ਆਂਡਾ ਖਾਣ ਨਾਲ ਇਹ ਤੱਤ ਸਰੀਰ ਵਿਚ ਹੌਲੀ ਹੌਲੀ ਜਮ੍ਹਾ ਹੋਣ ਲਗਦਾ ਹੈ ਅਤੇ ਉਸ ਜਮਾਓ ਨਾਲ ਅਨੇਕਾਂ ਬੀਮਾਰੀਆਂ ਉਤਪੰਨ ਹੁੰਦੀਆਂ ਹਨ। ਖ਼ੂਨ ਨਾਲ ਮਿਲ ਕੇ ਕੋਲੈਸਟਰਲ ਜਿਗਰ ਵਿਚ ਪਹੁੰਚਦਾ ਹੈ ਅਤੇ ਉਥੇ ਜਮ੍ਹਾ ਹੋਣ ਲੱਗਦਾ ਹੈ। ਇਸ ਦੇ ਅਸਰ ਨਾਲ ਧਮਣੀਆਂ ਵਿਚ ਜ਼ਖ਼ਮ ਹੋਣ ਲਗਦੇ ਹਨ ਅਤੇ ਉਨ੍ਹਾਂ ਵਿਚ ਕਰੜਾਪਣ ਆ ਜਾਂਦਾ ਹੈ, ਪਿੱਤ ਦੀ ਥੈਲੀ ਵਿਚ ਪੱਥਰੀ ਬਣਨ ਲੱਗ ਜਾਂਦੀ ਹੈ। ਗੁਰਦੇ ਅਤੇ ਹਾਈ ਬਲੱਡ ਪ੍ਰੈਸ਼ਰ ਆਦਿ ਬਿਮਾਰੀਆਂ ਉਤਪੰਨ ਹੋ ਜਾਂਦੀਆਂ ਹਨ।

ਆਂਡੇ ਦੀ ਸਫ਼ੈਦੀ ਵਿਚ ਪਾਇਆ ਜਾਣ ਵਾਲਾ ਏਬਿਡਨ ਨਾਂ ਦਾ ਤੱਤ ਵੀ ਘੱਟ ਹਾਨੀਕਾਰਕ ਨਹੀਂ ਹੈ। ਇਸ ਸਫੈਦੀ ਦਾ ਤਜਰਬਾ ਜਿਨ੍ਹਾਂ ਜਾਨਵਰਾਂ ਉੱਪਰ ਕੀਤਾ ਗਿਆ, ਉਨ੍ਹਾਂ ਨੂੰ ਲਕਵਾ ਹੋ ਗਿਆ। ਚਮੜੀ ਉੱਪਰ ਸੋਜ਼ਸ਼ ਵੀ ਦੇਖੀ ਗਈ। ਏਬਿਡਨ ਨਾਲ ਐਗਜ਼ੀਮਾ ਹੋਣ ਦਾ ਵੀ ਪੂਰਾ ਪੂਰਾ ਸ਼ੰਕਾ ਹੁੰਦਾ ਹੈ, ਏਬਿਡਨ ਨਾਲ ਪਿੱਤ ਨਹੀਂ ਮਿਲਦਾ, ਜਿਸ ਕਾਰਨ ਆਂਡੇ ਦਾ ਪੰਜਾਹ ਪ੍ਰਤੀਸ਼ਤ ਹਿੱਸਾ ਬਿਨਾਂ ਪਚੇ ਹੀ ਟੱਟੀ ਪਿਸ਼ਾਬ ਨਾਲ ਨਿਕਲ ਜਾਂਦਾ ਹੈ।

ਆਂਡੇ ਵਿਚ ਬਹੁਤ ਘੱਟ ਮਾਤਰਾ ਵਿਚ ਕੈਲਸ਼ੀਅਮ ਤਾਂ ਹੁੰਦਾ ਹੈ ਪਰੰਤੂ ਕਾਰਬੋਹਾਈਡਰੇਟ ਦੀ ਅਣਹੋਂਦ ਹੁੰਦੀ ਹੈ। ਇਸ ਤੱਤ ਦੀ ਘਾਟ ਅਤੇ ਹੋਰ ਹਾਨੀਕਾਰਕ ਤੱਤਾਂ ਦੇ ਹਾਵੀ ਹੋਣ ਕਾਰਨ ਵੱਡੀ ਆਂਦਰ ਸੜਨ ਲੱਗਦੀ ਹੈ। ਡਾਕਟਰਾਂ ਨੇ ਇਹ ਵੀ ਦੇਖਿਆ ਕਿ ਤੀਹ ਪ੍ਰਤੀਸ਼ਤ ਆਂਡਿਆਂ ਵਿਚ ਡੀ ਡੀ ਟੀ ਨਾਂ ਦੀ ਜ਼ਹਿਰ ਵੀ ਥੋੜ੍ਹੀ ਜਿਹੀ ਮਾਤਰਾ ਵਿਚ ਆ ਜਾਂਦੀ ਹੈ।

ਆਂਡਿਆਂ ਦੇ ਉਤਪਾਦਨ- ਵਾਧੇ ਲਈ ਮੁਰਗੀਆਂ ਨੂੰ ਜੋ ਬਨਾਉਟੀ ਰਸਾਇਣਕ ਅਹਾਰ ਦਿੱਤੇ ਜਾਂਦੇ ਹਨ ਉਹਨਾਂ ਦੇ ਕੁ-ਫਲ ਵੀ ਆਂਡਾ-ਸੇਵੀਆਂ ਨੂੰ ਹੀ ਭੋਗਣੇ ਪੈਂਦੇ ਹਨ। ਉਹਨਾਂ ਰਸਾਇਣਕ ਤੱਤਾਂ ਨਾਲ ਚਮੜੀ ਦੇ ਵੱਖ ਵੱਖ ਰੋਗ ਹੋਣ ਦਾ ਖ਼ਤਰਾ ਰਹਿੰਦਾ ਹੈ।

ਡਾਕਟਰਾਂ ਦਾ ਮੱਤ ਹੈ ਕਿ ਛੋਟੀ ਉਮਰ ਵਿਚ ਆਂਡਿਆਂ ਦਾ ਸੇਵਨ ਸਭ ਤੋਂ ਜ਼ਿਆਦਾ ਭਿਆਨਕ ਹੁੰਦਾ ਹੈ ਅਤੇ ਇਹ ਉਤਨਾ ਹੀ ਭਿਆਨਕ ਹੈ ਜਿੰਨਾ ਕਿ ਬੱਚਿਆਂ ਨੂੰ ਅੰਗਹੀਣ ਕਰਨਾ ਹੈ। ਇਸ ਦੇ ਸੇਵਨ ਨਾਲ ਬਿਮਾਰੀਆਂ ਦਾ ਮੁਕਾਬਲਾ ਕਰਨ ਦੀ ਸਮਰਥਾ ਖ਼ਤਮ ਹੋ ਜਾਂਦੀ ਹੈ। ਅਜਿਹੇ ਬੱਚਿਆਂ ਨੂੰ ਬਹੁਤਾ 'ਪੋਲੀਓ' ਦੇ ਸ਼ਿਕਾਰ ਹੋਣਾ ਪੈਂਦਾ ਹੈ।

ਉਪਰੋਕਤ ਨਤੀਜੇ ਨੂੰ ਦੇਖਦੇ ਹੋਏ ਲੱਗਦਾ ਹੈ ਕਿ ਆਂਡਾ ਖਾਣਾ ਸਿਹਤ ਲਈ ਬਹੁਤ ਹਾਨੀਕਾਰਕ ਹੈ।

[ ਅਜੀਤ, ੧੯–੫–੮੭



www.AKJ.Org

# ਇਹ ਅੰਡੇ ਮਾਰੂ ਜ਼ਹਿਰਾਂ ਦੇ ਭਰੇ ਹੋਏ ਹਨ

[ ਜੇ. ਪੀ. ਸੰਗਤ ਸਿੰਘ, 75/3 ਮੁਲੁੰਡ ਕਲੋਨੀ, ਬੰਬੇ-82 ]

ਨੋਟ :-ਉਪਰੋਕਤ ਲੇਖ ਜੇ. ਪੀ. ਸੰਗਤ ਸਿੰਘ ਵਲੋਂ ਜੂਨ ੧੯੭੭ ਦੇ 'ਸੂਰਾ' ਵਿਚ ਛਪਿਆ ਸੀ, ਜੋ ਹੁਣ ਰੋਜ਼ਾਨਾ 'ਅਜੀਤ' ਵਿਚ ਛਪੇ ਲੇਖ 'ਆਂਡਾ ਸਿਹਤ ਲਈ ਹਾਨੀਕਾਰਕ ਹੈ' ਦੇ ਨਾਲ ਹੀ ਫਿਰ ਦਿਤਾ ਜਾ ਰਿਹਾ ਹੈ। —ਸੰਪਾਦਕ

ਕੁਦਰਤ ਦੇ ਕਾਨੂੰਨ ਅਨੁਸਾਰ ਜੀਵ ਦੀ ਉਤਪਤੀ ਬਿੰਦ ਅਥਵਾ ਵੀਰਜ ਤੋਂ ਹੀ ਸੰਭਵ ਹੈ। ਮਨੁਖ ਅਥਵਾ ਜੇਰਜ ਖਾਣੀ ਦੇ ਜਨਮ ਤੀਕ ਇਹ ਵੀਰਜ ਯੋਨੀ ਵਿਚ ਹੀ ਰਹਿੰਦਾ ਤੇ ਆਉਣ ਵਾਲੇ ਜੀਵ ਦਾ ਨਿਰਮਾਣ ਕਰਦਾ ਰਹਿੰਦਾ ਹੈ, ਐਪਰ ਅੰਡਜ ਜੂਨੀ ਦੇ ਜੀਵਾਂ ਦਾ ਵੀਰਜ ਜੀਵ ਦੀ ਉਤਪਤੀ ਤੇ ਨਿਰਮਾਣ ਲਈ ਅੰਡਿਆਂ ਦੇ ਖੋਲ ਵਿਚ ਰਖਣ ਦਾ ਪ੍ਰਕਿਰਤੀ ਦਾ ਨਿਯਮ ਹੈ। ਸੋ ਅੰਡੇ ਵੀਰਜ ਹੀ ਹਨ ਅਤੇ ਅੰਡਿਆਂ ਦਾ ਖਾਣਾ ਵੀਰਜ ਦਾ ਖਾਣਾ ਹੀ ਹੈ।

ਰਸਾਇਣਿਕ ਖੋਜ ਦਸਦੀ ਹੈ ਕਿ ਅੰਡਿਆਂ ਵਿਚ ਕਈ ਪ੍ਰਕਾਰ ਦੇ ਘਾਤਕ ਤੇ ਮਾਰੂ ਜ਼ਹਿਰ ਹੁੰਦੇ ਹਨ, ਜਿਹੜੇ ਕਿ ਮਨੁੱਖੀ ਸੁਅਸਤ ਲਈ ਅਤਿਅੰਤ ਹੀ ਹਾਨੀਕਾਰਕ ਹਨ।

**(੧) ਅੰਡੇ ਆਂਦਰਾਂ ਤੇ ਕੀਟਾਣੂਆਂ ਨੂੰ ਜ਼ਹਿਰੀਲਾ ਬਣਾਉਂਦੇ ਹਨ**—ਅੰਡੇ ਬਹੁਤ ਸਾਰੇ ਮਨੁਖਾਂ ਦੀਆਂ ਆਂਦਰਾਂ ਵਿਚ ਪਾਏ ਜਾਣ ਵਾਲੇ ਕਾਮਨ ਜਾਂ ਕਿਲਾਈ ਕੀਟਾਣੂਆਂ ਨੂੰ ਜ਼ਹਿਰੀਲਾ ਬਣਾਂਦੇ ਹਨ, ਜਿਨ੍ਹਾਂ ਕਰਕੇ ਕਈ ਭਿਆਨਕ ਰੋਗ ਲਗ ਜਾਂਦੇ ਹਨ। ਇਹ ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ ਮਨੁਖ ਦੇ ਕਈ ਰੋਗਾਂ ਦਾ ਮੁਖ ਕਾਰਨ ਅੰਡੇ ਵਧੇਰੇ ਪੈਦਾ ਕਰਨ ਦੀਆਂ ਸਕੀਮਾਂ ਅਤੇ ਇਹਨਾਂ ਦੇ ਸੇਵਨ ਦਾ ਹੀ ਫਲ ਹੈ।

[ ਡਾ: ਜੇ. ਈ. ਆਰ. ਮੈਕਡਾਲੇਗ ਇੰਗਲੈਂਡ-ਨੇਚਰ ਆਫ਼ ਡੀਜ਼ੀਜ਼ ਭਾਗ ੨, ਪੰਨਾ ੯੪

**(੨) ਅੰਡਿਆਂ ਤੋਂ ਪੇਚਸ਼**—ਮੁਰਗੇ ਮੁਰਗੀਆਂ ਵਿਚ ਬਹੁਤ ਸਾਰੀਆਂ ਬੀਮਾਰੀਆਂ ਹੁੰਦੀਆਂ ਹਨ। ਅੰਡੇ ਉਹਨਾਂ ਰੋਗਾਂ ਨੂੰ, ਵਿਸ਼ੇਸ਼ ਕਰਕੇ ਟੀ. ਬੀ. ਤੇ ਪੇਚਸ਼ ਆਦਿ ਦੇ ਕੀਟਾਣੂਆਂ ਨੂੰ ਆਪਣੇ ਨਾਲ ਲੈ ਆਉਂਦੇ ਹਨ। ਅਤੇ ਖਾਣ ਵਾਲਿਆਂ ਵਿਚ ਇਹ ਰੋਗ ਪੈਦਾ ਕਰ ਦੇਂਦੇ ਹਨ। [ ਡਾ: ਰਾਬਰਟ ਗ੍ਰਾਸ, ਇੰਗਲੈਂਡ

**(੩) ਅੰਡਿਆਂ ਨਾਲ ਐਗਜ਼ੀਮਾ ਤੇ ਲਕਵਾ**—ਅੰਡਿਆਂ ਦੀ ਸਫ਼ੈਦੀ, ਅੰਡਿਆਂ ਦਾ ਸਭ ਤੋਂ ਵਧ ਖ਼ਤਰਨਾਕ ਭਾਗ ਹੈ। ਜਿਨ੍ਹਾਂ ਜਾਨਵਰਾਂ ਨੂੰ ਅੰਡਿਆਂ ਦੀ ਸਫ਼ੈਦੀ ਪਿਲਾਈ ਗਈ, ਉਹਨਾਂ ਨੂੰ ਲਕਵਾ ਮਾਰ ਗਿਆ ਅਤੇ ਉਹਨਾਂ ਦੀ ਚਮੜੀ ਸੁਜ ਗਈ। [ਡਾ: ਰਾਬਰਟ ਗ੍ਰਾਸ, ਇੰਗਲੈਂਡ

**(੪) ਆਂਡਿਆਂ ਵਿਚ ਡੀ. ਡੀ. ਟੀ.**—੧੮ ਮਹੀਨਿਆਂ ਦੇ ਪ੍ਰੀਖਣ ਪਿਛੋਂ ੩੦ ਫ਼ੀ ਸਦੀ ਅੰਡਿਆਂ ਵਿਚ ਹੋਰ ਜ਼ਹਿਰਾਂ ਨਾਲ ਡੀ. ਡੀ. ਟੀ. ਵੀ ਪਾਇਆ ਗਿਆ।

[ ਐਗਰੀਕਲਚਰ ਵਿਭਾਗ ਫ਼ਿਲੋਰੇਡਾ (ਕੈਨੇਡਾ) ਹੈਲਥ ਬੁਲਿਟਿਨ—ਅਕਤੂਬਰ ੧੯੬੭

**(੫) ਅੰਡਿਆਂ ਨਾਲ ਹਾਈ ਬਲੱਡ ਪ੍ਰੈਸ਼ਰ ਤੇ ਹੋਰ ਹਿਰਦੇ ਰੋਗ**—

ਡਾ: ਰਾਬਰਟ ਗ੍ਰਾਸ ਤੇ ਪ੍ਰੋ: ਇਰਵਨ ਰਈਸ ਲਿਖਦੇ ਹਨ—

ਹਰ ਮਨੁਖ ਦੇ ਖੂਨ ਵਿਚ ਤਕਰੀਬਨ ੨੦ ਗ੍ਰੇਨ ਅਲਕੋਹਲ ਹੁੰਦੀ ਹੈ, ਜਿਹੜੀ ਕਿ ਦਿਲ ਦੀਆਂ ਬੀਮਾਰੀਆਂ ਦਾ ਕਾਰਨ ਬਣਦੀ ਹੈ। ਜੇ ਕਿਸੇ ਕਾਰਨ ਸਰੀਰ ਵਿਚ ਇਸ ਦੀ ਮਾਤ੍ਰਾ ਵਧ ਜਾਏ ਤਾਂ ਹਾਈ ਬਲੱਡ ਪ੍ਰੈਸ਼ਰ ਆਦਿ ਕਈ ਰੋਗ ਲਗ ਜਾਂਦੇ ਹਨ।

ਇਕ ਅੰਡੇ ਦੀ ਜ਼ਰਦੀ ਵਿਚ ੪ ਗ੍ਰੇਨ ਅਲਕੋਹਲ ਹੁੰਦੀ ਹੈ। ਅੰਡੇ ਖਾਣ ਨਾਲ ਮਨੁਖ ਦੇ ਖ਼ੂਨ ਵਿਚ ਅਲਕੋਹਲ ਦੀ ਮਾਤ੍ਰਾ ਵਧ ਜਾਂਦੀ ਹੈ ਤੇ ਇਸ ਦੀ ਕਾਫ਼ੀ ਮਾਤ੍ਰਾ ਜਿਗਰ ਵਿਚ ਜਮ੍ਹਾ ਹੋ ਜਾਂਦੀ ਹੈ, ਜਿਸ ਨਾਲ ਇਹ ਪਿਤ ਦੀ ਥੈਲੀ ਵਿਚ ਪਥਰੀ ਪੈਦਾ ਕਰਦੀ ਹੈ ਤੇ ਖ਼ੂਨ ਵਿਚ ਮਿਲ ਕੇ, ਹਿਰਦੇ ਵਿਚ ਖ਼ੂਨ ਪਹੁੰਚਾਣ ਵਾਲੀਆਂ



www.AKJ.Org

ਨਾੜੀਆਂ ਵਿਚ ਜਮ੍ਹਾ ਹੋ ਜਾਂਦੀ ਹੈ। ਇਸ ਨਾਲ ਹਾਈ ਬਲੱਡ ਪ੍ਰੈਸ਼ਰ, ਜਿਗਰ ਦੀਆਂ ਬੀਮਾਰੀਆਂ, ਗੁਰਦੇ ਦੀ ਸੋਜ਼ਸ਼, ਜੋੜਾਂ ਦੇ ਦਰਦ ਆਦਿ ਭਿਅੰਕਰ ਰੋਗ ਹੋ ਜਾਂਦੇ ਹਨ।

ਅੰਡਿਆਂ ਵਿਚ ਨਾਈਟ੍ਰੋਜਨ ਜਿਹੀ ਵਿਸ਼ੈਲੀ ਗੈਸ ਅਤੇ ਫ਼ਾਸਫੋਰਸ ਐਸਿਡ ਦੀ ਪ੍ਰਾਪਤ ਮਾਤ੍ਰਾ ਦੇ ਚਰਬੀ ਹੁੰਦੀ ਹੈ; ਜਿਨ੍ਹਾਂ ਨਾਲ ਅੰਡੇ, ਸਰੀਰ ਵਿਚ ਤੇਜ਼ਾਬੀ ਮਾਦਾ ਪੈਦਾ ਕਰਦੇ ਹਨ, ਜਿਸ ਨਾਲ ਗੈਸ ਦੀਆਂ ਕਈ ਬੀਮਾਰੀਆਂ ਫੁਟ ਪੈਂਦੀਆਂ ਹਨ।

(੬) **ਫ਼ਿਲੋਰੇਡਾ ਵਿਸ਼ਵ ਵਿਦਿਆਲਾ**—ਅਮਰੀਕਾ ਦੇ ਖੇਤੀਬਾੜੀ ਵਿਭਾਗ ਨੇ ੧੯੭੬ ਵਿਚ ਪ੍ਰਕਾਸ਼ਿਤ ਸਿਹਤ ਬੁਲਿਟਿਨ ਵਿਚ ਲਿਖਿਆ—

ਅੰਡਿਆਂ ਵਿਚ "ਵਾਇਰਸ" ਨਾਉਂ ਦੇ ਹਾਨੀਕਾਰਕ ਕੀੜੇ ਹੁੰਦੇ ਹਨ।

(੭) **ਡਾ: ਕੈਥਰੀਨ ਨਿਮੋ ਤਥਾ—ਡਾ: ਜੇ. ਅਮੇਨ ਕੈਲੇਫ਼ੋਰਨੀਆ ਲਿਖਦੇ ਹਨ—**

ਅੰਡਿਆਂ ਵਿਚ ਕੋਲਿਸਟਰੋਲ ਨਾਮੀ ਵਿਸ਼ ਹੁੰਦਾ ਹੈ। ਇਸ ਦੇ ਸੇਵਨ ਨਾਲ ਪਾਚਨ-ਸ਼ਕਤੀ ਖ਼ਰਾਬ ਹੁੰਦੀ ਹੈ। ਇਸ ਨਾਲ ਗੁਰਦੇ ਵਿਚ ਪਥਰੀ ਬਣ ਜਾਂਦੀ ਹੈ ਤੇ ਸਮਾਮਿਕ ਆਂਤੜੀਆਂ ਅਤੇ ਖ਼ੂਨ ਦੀਆਂ ਨਾੜੀਆਂ ਵਿਚ ਜ਼ਖ਼ਮ ਹੋ ਜਾਂਦੇ ਹਨ। ਇਹ ਜ਼ਖ਼ਮ ਕਈ ਰੋਗ ਫੈਲਾਣ ਦਾ ਕਾਰਨ ਬਣ ਜਾਂਦੇ ਹਨ। ਜ਼ਖਮੀ ਆਂਦਰਾਂ ਵਿਚ ਪੇਚਸ਼ ਦੇ ਕੀਟਾਣੂ ਪਲਦੇ ਹਨ। ਅੰਡੇ ਖਾਣ ਵਾਲਿਆਂ ਦੀ ਰੋਗਾਂ ਤੋਂ ਬਚਣ ਦੀ ਸ਼ਕਤੀ ਬਹੁਤ ਕਮਜ਼ੋਰ ਹੋ ਜਾਂਦੀ ਹੈ।

(੮) **ਡਾ: ਈ. ਵੀ. ਮੈਕੋਲਮ** ਆਪਣੀ ਪੁਸਤਕ 'ਨਾਲਿਜ ਆਫ਼ ਨਯੂਟ੍ਰੀਸ਼ਨ' ਦੇ ਪੰਨਾ ੩੯੬ ਉਤੇ ਲਿਖਦੇ ਹਨ—

ਕੁਝ ਬੰਦਰਾਂ ਨੂੰ ਜਦੋਂ ਅੰਡੇ ਖੁਆਏ ਗਏ ਤਾਂ ਉਹਨਾਂ ਦੇ ਸਰੀਰਾਂ ਵਿਚ ਸੜਾਂਦ ਪੈਦਾ ਕਰਨ ਵਾਲੇ ਬੈਕਟੀਰੀਆ ਪੈਦਾ ਹੋ ਗਏ। ਉਹ ਬੰਦਰ ਸੁਸਤ ਹੋ ਗਏ ਅਤੇ ਉਹਨਾਂ ਨੇ ਆਪਣੇ ਸਿਰ ਝੁਕਾ ਦਿਤੇ, ਬੁਧੂ ਜਿਹੇ ਬਣ ਗਏ। ਉਹਨਾਂ ਦਾ ਪਿਸ਼ਾਬ ਗਹਿਰੇ ਰੰਗ ਦਾ ਹੋ ਗਿਆ ਤੇ ਰੁਕ ਕੇ ਆਉਣ ਲਗ ਪਿਆ। ਜਦੋਂ ਉਹਨਾਂ ਨੂੰ ਗੁਲੂਕੋਜ਼ ਦਿਤਾ ਗਿਆ ਤਾਂ ਉਹ ਮੁੜ ਕੇ ਠੀਕ ਹੋ ਗਏ।

(੯) ਅਨੇਕ ਡਾਕਟਰਾਂ ਦਾ ਅਨੁਭਵ ਹੈ ਕਿ ਜਦੋਂ ਪਸ਼ੂਆਂ ਨੂੰ ਅੰਡਿਆਂ ਦੀ ਸੁੱਕੀ ਸਫ਼ੈਦੀ ਦਿਤੀ ਗਈ, ਉਹਨਾਂ 'ਚੋਂ ਕੁਝ ਇਕ ਨੂੰ ਲਕਵਾ ਮਾਰ ਗਿਆ, ਤੇ ਕੁਝ ਇਕ ਨੂੰ ਕੈਂਸਰ ਰੋਗ ਹੋ ਗਿਆ। ਜਿਵੇਂ ਸਾਕਾਹਾਰੀ ਬੰਦਰਾਂ ਨੂੰ ਅੰਡੇ ਮਾਫ਼ਕ ਨਹੀਂ ਆਉਂਦੇ, ਉਦਾਂ ਹੀ ਮਨੁੱਖਾਂ ਲਈ ਵੀ ਇਹ ਅਤੀ ਹਾਨੀਕਾਰਕ ਹਨ।

(੧੦) ਅੰਡਿਆਂ ਵਿਚ ੧.੦੪ ਫੀ ਸਦੀ ਤੋਂ ਲੈ ਕੇ ੧.੦੦੯ ਫ਼ੀ ਸਦੀ ਤੀਕ ਕੋਲਿਸਟਰੋਲ ਜ਼ਹਿਰ ਹੁੰਦਾ ਹੈ।

(੧੧) ਡਾ: ਆਨੰਦ ਨਿਮਲ ਸੂਰਯਾ ਦਾ ਕਹਿਣਾ ਹੈ—ਅੰਡੇ ਮਨੁੱਖ ਲਈ ਅਤੀ ਹਾਨੀਕਾਰਕ ਹਨ। ਇਹਨਾਂ ਨੂੰ ਤਿਆਗ ਕੇ ਚੰਗੀ ਪ੍ਰੋਟੀਨ ਭਰੇ ਫਲ ਗ੍ਰਹਿਣ ਕਰੋ।

ਦੁੱਧ ਦੇ ਪੋਸ਼ਟਿਕ ਤੱਤ ਬਹੁਤ ਚੰਗੇਰੇ ਪ੍ਰਕਾਰ ਦੇ ਹੁੰਦੇ ਹਨ, ਕਿਉਂਕਿ ਇਸ ਵਿਚ ਚੰਗੇਰੇ ਪ੍ਰਕਾਰ ਦੀ ਪ੍ਰੋਟੀਨ ਪਾਈ ਜਾਂਦੀ ਹੈ। ਅਜਿਹਾ ਕੋਈ ਪੋਸਟਿਕ ਤੱਤ ਨਹੀਂ ਜੋ ਅੰਡਿਆਂ ਵਿਚ ਮਿਲਦਾ ਹੋਵੇ, ਪਰ ਦੁੱਧ ਵਿਚ ਨਾ ਹੋਵੇ। ਏਸ ਵਿਗਿਆਨਕ ਯੁਗ ਵਿਚ ਅਮਲੀ ਤੌਰ ਤੇ ਵਿਟਾਮਿਨ ਦੇ ਖਣਿਜ ਲੂਣ, ਬਨਾਵਟੀ ਤੌਰ ਤੇ ਮਿਲ ਸਕਦੇ ਹਨ ਤੇ ਉਹ ਜਿਥੇ ਜ਼ਰੂਰੀ ਸਮਝਿਆ ਜਾਵੇ, ਦੁੱਧ ਦੇ ਨਾਲ ਸਹਾਇਕ ਰੂਪ ਵਿਚ ਲਏ ਜਾ ਸਕਦੇ ਹਨ।

ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਸੰਤੁਲਿਤ ਸਾਕਾਹਾਰ ਭੋਜਨ ਉਤਨਾ ਹੀ ਪੁਸ਼ਟੀਦਾਇਕ ਹੈ ਜਿਤਨਾ ਕਿ ਹੋਰ ਭੋਜਨ, ਪਰ ਵਿਟਾਮਿਨ ਤੇ ਖਣਜੀ ਲੂਣ ਲਈ ਅੰਡਿਆਂ ਅਤੇ ਮਾਸ ਤੇ ਨਿਰਭਰ ਰਹਿਣਾ ਹਾਨੀਕਾਰਕ ਹੈ।

(੧੨) **ਡਾ: ਐਫ਼ ਓਕਡਾ ਇੰਗਲੈਂਡ—**

ਪਿਤ ਅਤੇ ਮੂੰਹ ਦਾ ਲਬਾਬ (Pancreative juice) ਅੰਡੇ ਦੀ ਸਫ਼ੈਦੀ ਦਾ ੩੦ ਤੋਂ ੫੦ ਫ਼ੀ ਸਦੀ ਭਾਗ ਭੋਜਨ-ਪ੍ਰਣਾਲੀ ਚੋਂ, ਬਿਨਾਂ ਹਜ਼ਮ ਹੋਇਆਂ ਹੀ ਨਿਕਲ ਜਾਂਦਾ ਹੈ। 'ਸਿਖ ਧਰਮ ਤੇ ਮਾਸ ਸ਼ਰਾਬ' ਪੁਸਤਕ



www.AKJ.Org

# ਬੱਸ ਕਾਂਡਾਂ ਮਗਰੋਂ ਕੁਲੂ ਚਿ ਝੁਲਿਆ ਕਹਿਰ

ਕੁਲੂ ੨੨ ਜੁਲਾਈ–ਗੁਰਦੁਆਰਾ ਸਾਹਿਬ ਕੁਲੂ (ਹਿਮਾਚਲ) ਦੇ ਪ੍ਰਧਾਨ ਸ: ਹਰਬੰਸ ਸਿੰਘ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਲਾਲੜੂ ਤੇ ਫਤਿਆਬਾਦ ਬਸ ਹੱਤਿਆ ਕਾਂਡ ਤੋਂ ਬਾਦ ਕੁਲੂ ਭੜਕੀ ਭੀੜ ਨੇ ਸਿੱਖਾਂ ਦਾ ਭਾਰੀ ਮਾਲੀ ਨੁਕਸਾਨ ਕੀਤਾ ਅਤੇ ਉਨ੍ਹਾਂ ਨੂੰ ਬਹੁਤ ਕੁਟਿਆ ਮਾਰਿਆ ਵੀ ਗਿਆ।

ਬਿਆਨ ਵਿਚ ਉਹਨਾਂ ਉਸ ਦਿਨ ਵਾਪਰੀਆਂ ਘਟਨਾਵਾਂ ਦਾ ਪੂਰਾ ਵੇਰਵਾ ਦੇਂਦਿਆਂ ਕਿਹਾ ਹੈ ਕਿ ੮ ਜੁਲਾਈ ਨੂੰ ਸਵੇਰੇ ਕਰੀਬ ੯ ਵਜੇ ਸ੍ਰੀ ਗੁਰਦਵਾਰਾ ਸਾਹਿਬ ਉਤੇ ਪਥਰਾਓ ਸ਼ੁਰੂ ਹੋ ਗਿਆ ਅਤੇ ਡੀ.ਸੀ. ਕੁਲੂ ਨੂੰ ਫੋਨ ਤੇ ਇਤਲਾਹ ਦਿੱਤੀ ਗਈ, ਪਰ ਕੋਈ ਵੀ ਐਕਸ਼ਨ ਨਾ ਹੋਇਆ ਤੇ ਹਜੂਮ ਲਗ-ਪਗ ੨ ਘੰਟੇ ਗੁਰਦਵਾਰਾ ਸਾਹਿਬ ਵਿਚ ਦਾਖਲ ਹੋ ਕੇ ਤੋੜ ਫੋੜ ਕਰਦਾ ਰਿਹਾ। ਪਹਿਲਾਂ ਦੀਵਾਨ ਹਾਲ ਜੋ ਕਿ ਉਪਰ ਵਾਲੀ ਮੰਜ਼ਲ ਤੇ ਹੈ, ਅੰਦਰ ਦਾਖਲ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਵੇਹੜੇ ਵਿਚ ਸੁਟ ਦਿਤਾ ਤੇ ਪੈਰਾਂ ਥੱਲੇ ਰੋਲਿਆ ਤੇ ਦੂਜੀ ਨੂੰ ਫਾੜ ਦਿੱਤਾ ਗਿਆ, ਜਿਸ ਦੇ ਪੱਤਰੇ ਵੀ ਥੱਲੇ ਸੁਟ ਦਿਤੇ ਗਏ। ਹੈਡ ਗਰੰਥੀ ਦਾ ਸਿਰ ਪਾੜ ਦਿੱਤਾ। ਸੇਵਾਦਾਰ ਦੀ ਧਰਮਪਤਨੀ ਨੂੰ ਸਖਤ ਜ਼ਖਮੀ ਕੀਤਾ ਤੇ ਉਸ ਦੀ ਆਬਰੂ ਲੁਟਣ ਦੀ ਵੀ ਕੋਸ਼ਿਸ਼ ਕੀਤੀ। ਸੇਵਾਦਾਰ ਨੂੰ ਬਹੁਤ ਹੀ ਕੁਟਿਆ ਗਿਆ। ਕਮਰਿਆਂ ਵਿਚ ਦਾਖ਼ਲ ਹੋ ਕੇ, ਜੋ ਮੁਸਾਫਰ ਲੋਕ ਸਨ ਉਹਨਾਂ ਦੀ ਬਹੁਤ ਮਾਰ ਕੁਟ ਕੀਤੀ ਗਈ। ਇਸ ਤੋਂ ਬਾਦ ਗੁਰਦਵਾਰਾ ਸਾਹਿਬ ਦੇ ਦਰਵਾਜ਼ੇ, ਖਿੜਕੀਆਂ, ਪਾਲਕੀਆਂ, ਪਲੰਘ, ਬਰਤਨ, ਕਰਾਕਰੀ, ਪੱਖੇ, ਬਿਜਲੀ ਟਿਊਬਾਂ, ਅਰਥਾਤ ਹਰ ਚੀਜ਼ ਤੋੜ ਦਿੱਤੀ ਤੇ ਬਜਰੀ ਵਾਂਗ ਬਣਾ ਦਿਤੀ। ਅਗ ਲਗਾਈ ਗਈ, ਜੋ ਕਿ ਆਪੇ ਹੀ ਬੁਝਾਈ, ਕਿਉਂਕਿ ਉਸ ਨਾਲ ਸਾਰਾ ਬਜ਼ਾਰ ਵੀ ਲਪੇਟ ਵਿਚ ਆਉਂਦਾ ਸੀ। ਇਹ ਸਾਰੀ ਕਾਰਵਾਈ ਡੀ.ਸੀ. ਦੇ ਸਾਹਮਣੇ ਅਤੇ ਪੁਲਸ ਦੀ ਮੌਜੂਦਗੀ ਵਿਚ ਹੋਈ। ਗੁਰਦੁਆਰੇ ਦੀ ਗੋਲਕ ਤੋੜੀ ਤੇ ਲੁੱਟੀ ਗਈ।

ਉਨ੍ਹਾਂ ਦਸਿਆ ਕਿ ਬਾਦ ਚਿ ਭੜਕੀ ਭੀੜ ਭੜਕਾਊ ਨਾਹਰੇ ਲਾਉਂਦੀ ਹੋਈ ਸ: ਕ੍ਰਿਪਾਲ ਸਿੰਘ ਦੇ ਘਰ ਦਾਖਲ ਹੋਈ ਤੇ ਪਥਰਾਓ ਕੀਤਾ ਉਸ ਨੂੰ ਬੁਰੀ ਤਰ੍ਹਾਂ ਮਾਰਿਆ ਕੁਟਿਆ ਤੇ ਉਸ ਦੇ ਕੇਸ ਕਤਲ ਕਰ ਦਿਤੇ। ਘਰ ਦਾ ਸਮਾਨ, ਖਿੜਕੀਆਂ ਤੋੜ ਦਿਤੀਆਂ। ਪਿਛੋਂ ਹਜੂਮ ਸ: ਹਰਚਰਨ ਸਿੰਘ ਦੇ ਘਰ ਵਲ ਚਲਿਆ ਗਿਆ ਤੇ ਪਥਰਾਓ ਕਰਕੇ ਦਰਵਾਜ਼ਾ ਤੋੜ ਕੇ ਘਰ ਦੇ ਅੰਦਰ ਦਾਖਲ ਹੋ ਗਿਆ। ਘਰ ਦਾ ਸਮਾਨ ਤੋੜ ਦਿਤਾ ਅਤੇ ਸ: ਹਰਚਰਨ ਸਿੰਘ ਅਤੇ ਉਸ ਦੇ ਲੜਕੇ ਸ: ਬਲਬੀਰ ਸਿੰਘ ਦੇ ਕੇਸ ਕਤਲ ਕੀਤੇ। ਉਸ ਤੋਂ ਬਾਅਦ ਜਲੂਸ ਸ: ਗਿਆਨ ਸਿੰਘ ਦੇ ਘਰ ਵਿਚ ਦਾਖਲ ਹੋ ਗਿਆ, ਤੋੜ ਫੋੜ ਕੀਤੀ ਅਤੇ ਉਨ੍ਹਾਂ ਦੇ ਲੜਕੇ ਸ: ਸਤਨਾਮ ਸਿੰਘ ਦੇ ਕੇਸ ਕਤਲ ਕਰ ਦਿਤੇ ਤੇ ਲੁਟ ਮਾਰ ਕਰ ਕੇ ਅਗੇ ਸ: ਹਰਭਜਨ ਸਿੰਘ ਭਾਰਤ ਕਲਾਥ ਹਾਊਸ ਦੇ ਘਰ ਦਾ ਦਰਵਾਜ਼ਾ ਤੋੜ ਕੇ ਅੰਦਰ ਦਾਖਲ ਹੋ ਗਿਆ। ਉਹਨਾਂ ਦੇ ਕਮਰੇ ਨੂੰ ਅੱਗ ਲਗਾ ਦਿਤੀ, ਦਰਵਾਜ਼ੇ ਖਿੜਕੀਆਂ ਤੋੜ ਦਿਤੀਆਂ, ਉਹਨਾਂ ਦਾ ਕੁਝ ਸਮਾਨ ਅੱਗ ਵਿਚ ਸਾੜ ਦਿਤਾ ਤੇ ਦਰਿਆ ਵਲ ਸੁਟ ਦਿਤਾ।

ਉਹਨਾਂ ਬਿਆਨ ਚਿ ਦਸਿਆ ਕਿ ਇਸੇ ਹਜੂਮ ਨੇ ਸ: ਪਰਮਿੰਦਰ ਸਿੰਘ ਦੇ ਘਰ ਜਾ ਕੇ ਤੋੜ ਫੋੜ ਕੀਤੀ ਤੇ ਉਸ ਦੇ ਕੇਸ ਵੀ ਕਤਲ ਕਰ ਦਿੱਤੇ। ਫਿਰ ਨਾਲ ਦੇ ਘਰ ਸ: ਸੰਤ ਸਿੰਘ ਦੇ ਘਰ ਵਿਚ ਵੜ ਗਏ ਅਤੇ ਲੁਟ ਮਾਰ ਤੋੜ ਫੋੜ ਕੀਤੀ ਤੇ ਉਸ ਦੇ ਲੜਕੇ ਹੈਪੀ ਦੇ ਕੇਸ਼ ਕਤਲ ਕੀਤੇ। ਹਜੂਮ ਹੋਰ ਅੱਗੇ ਨੂੰ ਵਧਿਆ ਤੇ ਸ: ਗੁਰਜੀਤ ਸਿੰਘ ਦੇ ਮਕਾਨ ਤੇ ਪਥਰਾਓ ਕੀਤਾ ਗਿਆ। ਫਿਰ ਹਜੂਮ ਸ: ਈਸ਼ਰ ਸਿੰਘ ਦੇ ਘਰ ਦਾਖਲ ਹੋ ਗਿਆ, ਉਹਨਾਂ ਦੇ ਘਰ ਦਾ ਸਮਾਨ ਤੋੜ ਫੋੜ ਦਿਤਾ ਤੇ ਉਸ ਦੀ ਧਰਮ ਪਤਨੀ ਨੂੰ ਜ਼ਖਮੀ ਕਰ ਦਿਤਾ। ਅੱਗੇ ਸ: ਦਰਸ਼ਨ ਸਿੰਘ ਅਤੇ ਸ: ਮਖਣ ਸਿੰਘ ਦੇ ਘਰ ਦਾ ਸਮਾਨ ਤੋੜਦਾ ਹੋਇਆ ਹਜੂਮ ਸ: ਇੰਦਰ ਸਿੰਘ ਦੇ ਘਰ ਵਿਚ ਤੋੜ ਫੋੜ ਲੁਟ ਖਸੁਟ ਕਰਦਾ ਹੋਇਆ ਸ: ਪਵਿਤਰ ਸਿੰਘ ਦੇ ਘਰ ਵਿਚ ਦਾਖਲ ਹੋ ਗਿਆ ਤੇ ਘਰ ਦਾ ਸਭ ਸਮਾਨ ਤੋੜ ਦਿਤਾ ਗਿਆ। ਉਨ੍ਹਾਂ ਦਸਿਆ ਕਿ ਪਿਛੋਂ ਹਜੂਮ ਨੇ ਸ: ਮਹਿੰਦਰ ਸਿੰਘ ਦੇ ਘਰ ਵਿਚ ਦਾਖਲ ਹੋ ਕੇ ਘਰ ਦਾ ਸਾਰਾ ਸਮਾਨ ਬਰਬਾਦ ਕਰ ਦਿਤਾ। ਕੋਈ ਵੀ ਚੀਜ਼ ਸਾਬਤ ਨਾ ਰਹਿਣ ਦਿਤੀ ਤੇ ਪਾਵਨ ਬੀੜ ਸਾੜ ਦਿਤੀ



www.AKJ.Org

ਗਈ। ਫਿਰ ਨਾਲ ਦੇ ਘਰਾਂ—ਸ: ਸੁਰਿੰਦਰ ਸਿੰਘ, ਸ: ਮਨਮੋਹਨ ਸਿੰਘ, ਸ: ਕੁਲਦੀਪ ਸਿੰਘ, ਸ: ਇੰਦਰ ਸਿੰਘ—ਵਿਚ ਦਾਖਲ ਹੋ ਗਿਆ ਤੇ ਘਰ ਦੇ ਸਮਾਨ ਦੀ ਹਰ ਚੀਜ਼ ਤੋੜ ਦਿਤੀ ਤੇ ਲੁਟਮਾਰ ਕੀਤੀ। ਇਥੋਂ ਜਲੂਸ ਸ: ਕੁਲਬੀਰ ਸਿੰਘ ਦੇ ਘਰ ਚਲਿਆ ਗਿਆ, ਘਰ ਦਾ ਸਭ ਸਮਾਨ ਟੀ. ਵੀ. ਫਰਿਜ, ਹਰ ਚੀਜ ਤੋੜ ਦਿਤੀ ਗਈ। ਉਥੇ ਪੁਲਸ ਨੇ ਹਲਕਾ ਲਾਠੀਚਾਰਜ ਕੀਤਾ ਤੇ ਹਜੂਮ ਤਿੱਤਰ ਬਿਤਰ ਹੋ ਗਿਆ। ਇਹ ਸਾਰੀ ਕਾਰਵਾਈ ਸਵੇਰੇ ਨੌਂ ਵਜੇ ਤੋਂ ਲੈ ਕੇ ਸ਼ਾਮ ਛੇ ਵਜੇ ਤਕ ਹੁੰਦੀ ਰਹੀ ਤੇ ਪੁਲਸ ਜਲੂਸ ਦੇ ਨਾਲ ਨਾਲ ਚਲਦੀ ਰਹੀ, ਪਰ ਕੋਈ ਵੀ ਕਾਰਵਾਈ ਨਾ ਕੀਤੀ ਗਈ।

ਸ: ਹਰਬੰਸ ਸਿਘ ਨੇ ਹੋਰ ਦਸਿਆ ਕਿ ਜਦੋਂ ਉਹ ਇਸ ਲੁਟਮਾਰ ਤੇ ਸਾੜਫੂਕ ਵਿਰੁਧ ਰੋਸ ਪ੍ਰਗਟ ਕਰਨ ਅਤੇ ਕਾਰਵਾਈ ਦੀ ਮੰਗ ਲਈ ਡੀ. ਸੀ. ਕੁਲੂ ਨੂੰ ਮਿਲੇ ਤਾਂ ਉਹਨਾਂ ਦੀ ਕੋਈ ਗੱਲ ਨਾ ਸੁਣੀ ਗਈ। ਉਹਨਾਂ ਦਸਿਆ ਕਿ ਜਦੋਂ ਉਹਨਾਂ ਡੀ. ਸੀ. ਨੂੰ ਕਿਹਾ ਕਿ ਜੇਕਰ ਤੁਸੀਂ ਸਾਡੀ ਹਿਫਾਜ਼ਤ ਨਹੀਂ ਕਰ ਸਕਦੇ ਤਾਂ ਸਾਡੇ ਮਕਾਨਾਂ ਤੇ ਦੁਕਾਨਾਂ ਦੀਆਂ ਚਾਬੀਆਂ ਸੰਭਾਲੋ, ਅਸੀਂ ਚਲੇ ਜਾਂਦੇ ਹਾਂ ਤਾਂ ਡੀ. ਸੀ. ਨੇ ਇਸ ਦੇ ਜੁਆਬ ਚਿ ਕਿਹਾ, 'ਆਪ ਕੋ ਰੋਕਾ ਕਿਸ ਨੇ ਹੈ, ਆਪ ਜਾ ਸਕਤੇ ਹੈਂ'। ਉਹਨਾਂ ਦਸਿਆ ਕਿ ਇਸ ਤੇ ਉਹ ਰੋਸ ਵਜੋਂ ਉਠ ਕੇ ਆ ਗਏ।

ਜਦੋਂ ਇਸ ਸਬੰਧੀ ਮੁਖ ਮੰਤਰੀ ਹਿਮ ਚਲ ਪ੍ਰਦੇਸ਼ ਨਾਲ ਟੈਲੀਫੂਨ 'ਤੇ ਸੰਪਰਕ ਕੀਤਾ ਗਿਆ ਤਾਂ ਉਹਨਾਂ ਡੀ. ਆਈ. ਜੀ. ਪੁਲਸ ਮੰਡੀ ਨੂੰ ਕੁਲੂ ਭੇਜਿਆ। ਡੀ. ਆਈ. ਜੀ. ਨੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਉਹ ਗੁਰਦੁਆਰੇ ਵੀ ਗਏ ਅਤੇ ਉਹਨਾਂ ਦੀ ਗਲਬਾਤ ਬਹੁਤ ਧਿਆਨ ਨਾਲ ਸੁਣੀ ਅਤੇ ਸੁਰੱਖਿਆ ਤੇ ਮੁਆਵਜ਼ੇ ਦਾ ਭਰੋਸਾ ਦਿਵਾਇਆ। ਬਿਆਨ ਵਿਚ ਉਹਨਾਂ ਕਿਹਾ ਹੈ ਕਿ ਕੁਲੂ ਵਿਚ ਘਟ-ਗਿਣਤੀ ਫਿਰਕੇ ਦੇ ਮੈਂਬਰ ਅਜੇ ਵੀ ਅਸੁਰੱਖਿਅਤ ਮਹਿਸੂਸ ਕਰਦੇ ਸਨ।

### ਹਰਿਆਣੇ ਵਿਚ ਵੀ ਸਿੱਖਾਂ ਨਾਲ ਕੀ ਬੀਤੀ ?

੨੪ ਜੁਲਾਈ ਦੇ 'ਅਜੀਤ' ਵਿਚ ਖਬਰ ਦਿਤੀ ਗਈ ਹੈ ਕਿ ਹਿਸਾਰ, ਫਤਿਆਬਾਦ ਤੇ ਜੀਂਦ ਵਿਚ ਸਿਖ ਘਟ-ਗਿਣਤੀ ਨਾਲ ਜੋ ਬੀਤੀ, ਉਸ ਦੀਆਂ ਲੂੰ-ਕੰਡੇ ਖੜੇ ਕਰਨ ਵਾਲੀਆਂ ਰਿਪੋਰਟਾਂ ਮਿਲ ਰਹੀਆਂ ਹਨ।—ਫ਼ਸਾਦੀ ਖੁਲ੍ਹ ਖੇਡ ਖੇਡਦੇ ਰਹੇ, ਪੁਲਸ ਤਮਾਸ਼ਾਈ ਬਣੀ ਰਹੀ—ਹਿਸਾਰ ਵਿਚ ਘਰ ਬਾਰ, ਦੁਕਾਨਾਂ, ਬੱਸਾਂ, ਕਾਰਾਂ, ਟਰੱਕ ਤੇ ਹੋਰ ਸਮਾਨ ਲੁਟ ਕੇ ਅਗਾਂ ਲਈਆਂ ਗਈਆਂ ਅਤੇ ਗੁ: ਸ੍ਰੀ ਗੁਰੂ ਸਿੰਘ ਸਭਾ ਨੂੰ ਪਵਿਤਰ ਅਠ ਬੀੜਾਂ ਸਮੇਤ ਅੱਗ ਲਾ ਦਿਤੀ ਗਈ। ਗੁਰਦੁਆਰੇ ਦਾ ਸਮਾਨ, ਮੰਜੇ, ਬਿਸਤਰੇ, ਬਰਤਨ ਆਦਿ ਲੁਟ ਕੇ ਉਥੇ ਹਨੂਮਾਨ ਦੀ ਮੂਰਤੀ ਸਥਾਪਤ ਕਰ ਦਿਤੀ, ਆਦਿ। ਕਰੋੜਾਂ ਰੁਪਿਆਂ ਦੀ ਸੰਪਤੀ ਤੋਂ ਇਲਾਵਾ ਜਾਨੀ ਨੁਕਸਾਨ ਵੀ ਹੋਇਆ ਦਸਿਆ ਗਿਆ ਹੈ।

## ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਨਾ ਕੀਤੀ ਜਾਵੇ

ਅਜੀਤ ੨੦ ਜੁਲਾਈ ਵਿਚ ਗੁਰਦਵਾਰਾ ਹੇਮਕੁੰਟ ਸਾਹਿਬ ਰਿਸ਼ੀਕੇਸ਼ ਦੇ ਮੈਨੇਜਰ ਵਲੋਂ ਰੀਪੋਰਟ ਛਪੀ ਹੈ ਕਿ ਭਾਰੀ ਹਜੂਮ ਵਲੋਂ ੮ ਜੁਲਾਈ ਨੂੰ ਗੜਬੜ ਕੀਤੀ ਗਈ ਅਤੇ ਗੁਰਦੁਆਰਾ ਸਾਹਿਬ ਰਿਸ਼ੀਕੇਸ਼ ਸਾਹਿਬ ਵਿਚ ਠਹਿਰੇ ਹੋਏ ਪੰਜ ਸੋ ਯਾਤਰੂਆਂ ਤੇ ਗੁਰਦੁਆਰਾ ਸਾਹਿਬ ਨੂੰ ਭਾਰੀ ਨੁਕਸਾਨ ਪੁਚਾਇਆ ਗਿਆ। ਇਕ ਨਿਹੰਗ ਸਿੰਘ ਸ਼ਹੀਦ ਹੋ ਗਿਆ ਅਤੇ ਕਈ ਸਿੰਘ ਫਟੜ ਹੋ ਗਏ।

ਸ੍ਰੀ ਹੇਮਕੁੰਟ ਦੇ ਪ੍ਰਬੰਧਕਾਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਹਾਲਾਤ ਨੂੰ ਮੁਖ ਰਖ ਕੇ ਸ੍ਰੀ ਹੇਮਕੁੰਟ ਦੀ ਯਾਤਰਾ ਦਾ ਪ੍ਰੋਗਰਾਮ ਰਦ ਕਰ ਦੇਣ।

---

**ਪਾਠਕ ਜੀ—**(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਜਦੋਂ ਵੇਖੋ, ਉਦੋਂ ਹੀ ਚੰਦਾ ਮਨੀਆਰਡਰ ਰਾਹੀਂ ਭੇਜੋ ਜੀ। ਨਹੀਂ ਤਾਂ ਆਪ ਦਾ ਪਰਚਾ ਬੰਦ ਹੋ ਜਾਵੇਗਾ।

(੩) ਜੇ ਪਰਚਾ ੧੫ ਤਰੀਕ ਤਕ ਨਾ ਪੁਜੇ, ਗੁੰਮ ਗਿਆ ਸਮਝੋ। ਫਿਰ ਹੋਰ ਪਰਚਾ ਭੇਜਣ ਲਈ ਕਾਰਡ ਲਿਖੋ ਜੀ।

www.AKJ.Org

# ਸੁਖਮਨੀ ਵਾਲੇ ਪੈਗ਼ੰਬਰ ਦਾ ਸੰਦੇਸ਼

[ ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ ]

ਸਿੱਖੀ ਇਬਾਦਤ ਤੋਂ ਲੈ ਕੇ ਸ਼ਹਾਦਤ ਤਕ ਦਾ ਲੰਮਾ ਸਫ਼ਰ ਹੈ। ਇਬਾਦਤ ਜਾਂ ਬੰਦਗੀ ਇਸ ਦੀ ਬੁਨਿਆਦ ਹੈ ਤੇ ਸ਼ਹਾਦਤ ਸਿਖਰ ਦਾ ਕਲਸ। ਦੂਜੇ ਸ਼ਬਦਾਂ ਵਿਚ ਸਿਖ ਪੰਥ ਦੀ ਇਮਾਰਤ ਦੇ ਦੋ ਵੱਡੇ ਥੰਮ੍ਹ ਹਨ–'ਗੁਰਬਾਣੀ ਤੇ ਕੁਰਬਾਨੀ'। ਗੁਰਬਾਣੀ ਇਹ ਦਸਦੀ ਹੈ ਕਿ ਜੀਊਣਾ ਕਿਵੇਂ ਹੈ ਤੇ ਕੁਰਬਾਨੀ ਉਹ ਸਬਕ ਹੈ ਕਿ ਮਰਨਾ ਕਿਵੇਂ ਹੈ। ਇਨ੍ਹਾਂ ਦੋਹਾਂ ਸੰਸਥਾਵਾਂ ਦੇ ਬਾਨੀ ਗੁਰੂ ਅਰਜਨ ਸਨ, ਜਿਨ੍ਹਾਂ ਆਪਣੇ ਅਮਲੀ ਜੀਵਨ ਰਾਹੀਂ ਸੁਚੱਜੀ ਜੀਵਨ-ਜਾਚ ਤੇ ਮਰਨ-ਜਾਚ ਦਾ ਪਾਠ ਪੜ੍ਹਾਇਆ।

ਆਪ ਦੀ ਰਚਨਾ 'ਸੁਖਮਨੀ' ਮੁਕੰਮਲ ਜੀਵਨ-ਜਾਚ ਦੀ ਬਿਹਤਰੀਨ ਬਾਣੀ ਹੈ, ਜੋ ਸੰਪੂਰਨ ਮਨੁਖ ਦੀ ਕਹਾਣੀ ਕਹਿੰਦੀ ਹੈ। ਸੰਪੂਰਨ ਮਨੁਖ ਕਿਹੋ ਜਿਹਾ ਹੁੰਦਾ ਹੈ, ਉਸ ਦੇ ਖ਼ਾਸ ਖ਼ਾਸ ਗੁਣ ਕੀ ਹਨ, ਉਹ ਕੀ ਕੀ ਕਰਦਾ ਤੇ ਕੀ ਨਹੀਂ ਕਰਦਾ, ਅਜਿਹ ਉਚੇ ਸੁਚੇ ਸਭਜ ਮਾਨਵ (ਬ੍ਰਹਮ ਗਿਆਨੀ) ਬਣਨ ਦੀ ਵਿਧੀ ਕੀ ਹੈ, ਉਹ ਸੰਸਾਰ ਦੇ ਵਿਕਾਰ ਚੱਕ੍ਰ ਵਿਚੋਂ ਨਿਕਲ ਕੇ ਕਿਵੇਂ ਸ਼ਾਂਤ, ਸੰਤੁਲਿਤ, ਨਿਰਮਲ ਤੇ ਨਿਰਲੇਪ ਸ਼ਖ਼ਸੀਅਤ ਉਸਾਰਦਾ ਹੈ–ਕੁਝ ਅਜਿਹੀ ਪ੍ਰਸ਼ਨਾਵਲੀ ਦਾ ਸਾਦਾ ਤੇ ਸੰਤੋਖ-ਜਨਕ ਉਤਰ ਸੁਖਮਨੀ ਦਿੰਦੀ ਹੈ, ਜੋ ਮਨ ਨੂੰ ਧਰਵਾਸ ਦਿੰਦਾ, ਸੰਚਾਰਦਾ ਤੇ ਆਤਮਾ ਨੂੰ ਉਚੇਰੀ ਮੰਜ਼ਲ ਵਲ ਜਾਣ ਲਈ ਹੁਲਾਰਦਾ ਹੈ।

ਇਸਦਾ ਉਚੇਰਾ ਸੰਦੇਸ਼ ਇਹ ਹੈ ਕਿ ਗੁਰੂ-ਨਾਮ-ਲੇਵਾ ਵਿਸ਼ੇ ਵਿਕਾਰਾਂ ਤੋਂ ਦੂਰ ਪਰੇ ਹਟ ਕੇ ਸਿਮਰਨ ਦੇ ਸ਼ਾਹ-ਰਾਹ ਦਾ ਪਾਂਧੀ ਬਣਦਾ ਤੇ ਉਹ ਸ਼ਾਂਤੀ ਸੰਤੋਖ ਤੇ ਸਹਿਨਸ਼ੀਲਤਾ ਨਾਲ ਆਪਣੇ ਆਪ ਨੂੰ ਅਲੰਕ੍ਰਿਤ ਕਰ ਕੇ ਸੱਚਾ ਬ੍ਰਹਮ-ਗਿਆਨੀ ਸਦਾਉਂਦਾ ਹੈ। ਉਹ ਦੁਖ ਵਿਚ ਸੁਖ ਮਨਾਉਂਦਾ ਹਰ ਤਰ੍ਹਾਂ ਸਮਦ੍ਰਿਸ਼ਟੀ ਦਾ ਪ੍ਰਣ ਨਿਭਾਉਂਦਾ ਹੈ। ਉਹ ਬੇਮੁਹਤਾਜ ਹੋ ਕੇ ਸੁਤੰਤਰ ਵਿਚਰਦਾ ਤੇ ਸਭ ਦੇ ਸਿਰ ਉਤੇ ਰਾਜ ਕਰਦਾ ਹੈ। ਉਹ ਅਨਾਥਾਂ ਦਾ ਨਾਥ ਬਣ ਕੇ ਸਦਾ ਨੇਕੀ ਦਾ ਸਾਥ ਦਿੰਦਾ ਤੇ ਉਸਦਾ ਸਾਥ ਪ੍ਰਭੂ ਦਿੰਦਾ ਹੈ–

ਬ੍ਰਹਮ ਗਿਆਨੀ ਸਦਾ ਸਮਦਰਸੀ ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥......੩॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥ ॥੮॥੮॥

ਉਹ ਬਿਪਤਾ ਪੈਣ ਤੇ ਜਾਂ ਅਣਸੁਖਾਵੀਂ ਹਾਲਤ ਹੋ ਜਾਣ ਤੇ ਵੀ ਆਪਣਾ ਧੀਰਜ ਨਹੀਂ ਗੁਆਉਂਦਾ, ਸਗੋਂ ਅਚੱਲ ਅਡੋਲ ਰਹਿ ਕੇ ਆਪਣਾ ਅਸੂਲ ਨਿਭਾਉਂਦਾ ਹੈ, ਜਿਵੇਂ ਪਾਣੀ ਵਿਚ ਕਮਲ ਨਿਰਲੇਪ ਰਹਿੰਦਾ, ਸੂਰਜ ਸਭ ਥਾਂ ਕਿਰਣਾਂ ਸੁਟਦਾ ਹੋਇਆ ਵੀ 'ਨਿਰਦੋਖ' ਰਹਿੰਦਾ ਤੇ ਧਰਤੀ ਕਹੀਆਂ ਗੈਂਤੀਆਂ ਨਾਲ ਖੋਦੇ ਜਾਣ ਤੇ ਵੀ ਚੁਪ ਸ਼ਾਂਤ ਰਹਿੰਦੀ ਹੈ, ਤਿਵੇਂ ਬ੍ਰਹਮ ਗਿਆਨੀ ਆਪਣੇ ਧੀਰਜ ਤੇ ਸਹਿਨਸ਼ੀਲਤਾ ਨੂੰ ਬਰਕਰਾਰ ਰਖਦਾ ਹੈ।

ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥......
ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥੧॥੮॥

ਅਜਿਹਾ ਸੰਤੁਲਿਤ ਜੀਵਨ, ਸੁਖਮਨੀ ਸਾਹਿਬ ਦਾ ਆਦਰਸ਼ ਹੈ। ਇਸ ਦੀ ਪ੍ਰਾਪਤੀ ਲਈ ਸਾਰੇ ਨੁਕਤੇ ਸਮਝਾਏ ਗਏ ਹਨ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸੁਖਮਨੀ ਸਾਹਿਬ ਕੋਈ ਖਟ-ਸ਼ਾਸਤਰਾਂ ਵਾਂਗ ਕਿਸੇ ਵਾਧੂ ਦਾਰਸ਼ਨਿਕ ਵਾਦ-ਵਿਵਾਦ ਵਿਚ ਨਹੀਂ ਪੈਂਦੀ, ਤੇ ਨਾ ਹੀ 'ਰਾਮਾਇਣ' ਜਾਂ 'ਮਹਾਂਭਾਰਤ' ਵਾਂਗ ਕਿਸੇ ਲੰਮੀ ਲੜਾਈ ਦੀ ਗੱਲ ਛੇੜਦੀ ਹੈ। ਇਹ ਤਾਂ ਉਸਾਰੂ ਵਿਧੀ ਨਾਲ ਸਰਬ-ਗੁਣ-ਸਾਗਰ ਪ੍ਰਭੂ-ਸਿਮਰਨ ਅਤੇ ਸਿਮਰਨ ਕਰਨ


www.AKJ.Org

ਵਾਲਿਆਂ ਦੀ ਬਹੁ-ਭਾਂਤੀ ਸਰੇਸ਼ਟ ਚਿਤ੍ਰਾਵਲੀ ਪੇਸ਼ ਕਰ ਕੇ ਸਾਡੇ ਮਨਾਂ ਨੂੰ ਪ੍ਰੇਰਤ ਕਰਦੀ ਹੈ ਕਿ ਪਦਾਰਥਕ ਕੀਮਤਾਂ ਨਾਲੋਂ ਅਧਿਆਤਮਕ ਤੇ ਇਖ਼ਲਾਕੀ ਕੀਮਤਾਂ ਵਧੇਰੇ ਮਹੱਤਵਪੂਰਨ ਹਨ ਤੇ ਇਨ੍ਹਾਂ ਦਾ ਹੀ ਮਨੁਖ ਨੂੰ ਸਦਾ ਅਨੁਸਰਣ ਕਰਨਾ ਚਾਹੀਦਾ ਹੈ।

ਅੱਜ ਭੌਤਿਕਵਾਦ ਤੇ ਬੁੱਧੀਵਾਦ ਆਪਣਾ ਦਮ ਤੋੜ ਬੈਠਾ ਹੈ। ਪਦਾਰਥਵਾਦੀ ਰੁਚੀਆਂ ਵਿਚ ਗ੍ਰਸਤ ਅਜੋਕਾ ਮਨੁੱਖ ਤ੍ਰਿਸ਼ਨਾ ਦੇ ਮਾਰੂਥਲ ਵਿਚ ਭਟਕ ਰਿਹਾ ਹੈ। ਵਿਗਿਆਨੀ ਤਰ੍ਹਾਂ ਤਰ੍ਹਾਂ ਦੇ ਤਬਾਹਕਾਰੀ ਸਾਮਾਨ ਪੈਦਾ ਕਰ ਕੇ ਉਸਨੂੰ ਇਸ ਤਰ੍ਹਾਂ ਸ਼ਸਤ੍ਰਬੱਧ ਕਰੀ ਜਾ ਰਿਹਾ ਹੈ ਕਿ ਸਿਵਾਇ ਲੜਨ ਝਗੜਨ ਦੇ ਉਸ ਪਾਸ ਕੋਈ ਕੰਮ ਨਹੀਂ। ਪ੍ਰਮਾਣੂ ਬੰਬ ਉਸਦਾ ਵਧੀਆ ਖਿਡਾਉਣਾ ਹੈ। ਸਿਨਮਾ, ਟੀ. ਵੀ. ਤੇ ਮੌਜੂਦਾ ਲਚਰ ਸਾਹਿਤ ਉਸਦੀ ਵਿਕਾਰੀ ਬਿਰਤੀ ਨੂੰ ਹੋਰ ਉਭਾਰ ਰਹੇ ਤੇ ਕੁਸ਼ਟੀ ਵਾਤਾਵਰਣ ਪੈਦਾ ਕਰ ਰਹੇ ਹਨ। ਇਸ ਸਾਰੇ ਅਸਾਧ ਰੋਗ ਦਾ ਇਲਾਜ 'ਸੁਖਮਨੀ' 'ਨਾਮ ਅੰਮ੍ਰਿਤ' ਤੇ 'ਲੋਕ ਸੇਵਾ' ਦਾ ਨੁਸਖ਼ਾ ਦਸਦੀ ਹੈ, ਜੋ ਤਨ ਮਨ ਦੇ ਰੋਗੀ ਇਨਸਾਨੀ ਸਮਾਜ ਨੂੰ ਮੁੜ ਸਿਹਤਮੰਦ ਕਰਨ ਲਈ ਸਮਰੱਥ ਹੈ।

ਅਜ ਫਿਰ ਜੇਠ ਹਾੜ ਦੀਆਂ ਜਲਦੀਆਂ ਬਲਦੀਆਂ ਲੂਆਂ ਵਾਂਗ ਤਪਦੀਆਂ ਲੰਪਟ ਬਿਰਤੀਆਂ ਜ਼ਿੰਦਗੀ ਨੂੰ ਬਾਰ ਬਾਰ ਲੂਹ ਰਹੀਆਂ ਹਨ। ਜਹਾਂਗੀਰੀ ਜਰਵਾਣਿਆਂ ਦੀ ਆਤਸ਼-ਪ੍ਰਸਤ ਸਿਆਸਤ (ਬੰਬਵਾਦੀ) ਅੱਗ ਖਾਂਦੀ ਤੇ ਅੱਗ ਵਰਤਾਦੀ ਹੈ, ਇਸ ਨੂੰ ਸੁਖਮਨੀ ਦੇ ਸੰਦੇਸ਼ ਅਨੁਸਾਰ 'ਪ੍ਰਭੂ-ਨਾਮ-ਅੰਮ੍ਰਿਤ' ਨਾਲ ਹੀ ਸ਼ਾਂਤ ਕੀਤਾ ਜਾ ਸਕਦਾ ਹੈ ਤੇ ਇਹ ਔਖਧਿ ਹਰ ਇਕ ਦੇ ਅੰਦਰ ਮੌਜੂਦ ਹੈ :—

(ੳ) ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥੧॥ਰਹਾਉ॥
(ਅ) ਦੇਹੀ ਮਹਿ ਇਸਕਾ ਬਿਸ੍ਰਾਮੁ ॥੧॥੨੩॥

ਇਹ ਬਾਣੀ ਸਿਦਕ, ਸਿਮਰਨ, ਸ੍ਰੇਸ਼ਟਾਚਾਰ, ਸੰਤੁਸ਼ਟਤਾ, ਸੁਹਿਰਦਤਾ, ਸਹਿਨਸ਼ੀਲਤਾ ਤੇ ਸਹਿਜ ਦਾ ਸਬਕ ਸਿਖਾਉਂਦੀ ਸਾਨੂੰ ਸਾਵਧਾਨ ਕਰਦੀ ਹੈ ਕਿ ਅਸੀਂ ਸੁਖਮਨੀ ਵਾਲੇ ਪੈਗੰਬਰ ਦਾ ਸੰਦੇਸ਼ਾ ਅਣਸੁਖਾਵੇਂ ਹਾਲਾਤ ਦੇ ਬਾਵਜੂਦ ਅੱਜ ਵੀ ਪਾਲਣਾ ਹੈ, ਕਿਉਂਕਿ ਇਸੇ ਗੁਣ-ਸੰਗਮ ਵਿਚੋਂ ਸ਼ਕਤੀ ਦਾ ਸੰਚਾਰ ਹੋਣਾ ਹੈ। ਸਮਾਂ ਆਏਗਾ, ਜਦੋਂ ਸ਼ਹਾਦਤ ਦੀ ਸ਼ਾਂਤ ਬੇਦੀ ਵਿਚੋਂ ਚੰਦ ਸੂਰਜ ਵਾਂਗ ਮੀਰੀ ਪੀਰੀ ਵਾਲੀਆਂ ਦੇਵੀਆਂ ਦਾ ਜ਼ਹੂਰ ਹੋਵੇਗਾ ਤੇ ਜ਼ਾਲਮ ਅੰਧੇਰਾ ਆਪਣੇ ਆਪ ਕਾਫ਼ੂਰ ਹੋ ਜਾਵੇਗਾ।



## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੬੦ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੧-੦੦
ਗੁਰਬਾਣੀ ਰਹਿਤਨਾਮਾ ਸੰਗ੍ਰਹਿ ਕਰਤਾ—ਭਾਈ ਰਾਮ ਸਿੰਘ ਜੀ ੦-੫੦
ਸਿਖ ਇਕ ਵੱਖਰੀ ਕੌਮ (ਪੁਸਤਕ ਰੂਪ ਵਿਚ, ਜਿਸ ਵਿਚ ੧੬ ਖੋਜ-ਭਰੇ ਲੇਖ ਸ਼ਾਮਲ ਹਨ) ੬-੦੦
ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਭਰਪੂਰ ਲੇਖ) ੧-੦੦





www.AKJ.Org

# ਸਤੁ ਸੰਤੋਖੁ ਸਦਾ ਸਚੁ ਪਲੈ

[ ਸੂਹੀ ਛੰਤ ਮ: ੧, ਪੰਨਾ ੭੬੪

[ ਡਾਕਟਰ ਰਤਨ ਸਿੰਘ ਜੀ ਜੱਗੀ ]

ਗੁਰਬਾਣੀ ਵਿਚ ਮਨੁੱਖ ਨੂੰ 'ਸੰਤੋਖ' ਧਾਰਨ ਕਰਨ ਲਈ ਥਾਂ ਥਾਂ ਤੇ ਪ੍ਰੇਰਨਾ ਦਿੱਤੀ ਗਈ ਹੈ। ਇਥੋਂ ਤੱਕ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਗਰੰਥ ਸਾਹਿਬ ਦਾ ਸੰਪਾਦਨ ਕਰਨ ਉਪਰੰਤ ਅਖ਼ੀਰ ਤੇ ਮੋਹਰ ਵਜੋਂ ਇਹ ਸ਼ਬਦ ਅੰਕਿਤ ਕੀਤਾ :–

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥

[ਮੁੰਦਾਵਣੀ ਮ: ੫, ਪੰਨਾ ੧੪੨੯

ਇਥੇ ਥਾਲ ਕਿਹੜਾ ਹੈ ? ਉਤਰ ਹੈ ਗੁਰੂ ਗ੍ਰੰਥ ਸਾਹਿਬ, ਜਿਸ ਵਿਚ ਤਿੰਨ ਵਸਤੂਆਂ ਪਈਆਂ ਹਨ– ਸਤੁ, ਸੰਤੋਖ ਅਤੇ ਵਿਚਾਰ। ਸਤੁ ਤੋਂ ਭਾਵ ਹੈ ਸਦਾਚਰਣ, ਸੰਤੋਖ ਤੋਂ ਭਾਵ ਹੈ ਸੁਖ ਦੁੱਖ ਨੂੰ ਸਮਾਨ ਜਾਣਨ ਦੀ ਅਵਸਥਾ ਅਤੇ ਵਿਚਾਰ ਤੋਂ ਭਾਵ ਹੈ ਵਿਵੇਕ। ਇਹਨਾਂ ਤਿੰਨ ਵਸਤੂਆਂ ਨੂੰ ਮਿਲਾ ਕੇ ਤਿਆਰ ਕੀਤੇ ਗਏ ਭੋਜਨ ਵਿਚ ਚੌਥੀ ਵਸਤੂ ਨਾਮ ਰੂਪੀ ਅੰਮ੍ਰਿਤ ਜਲ ਹੈ। ਇਸ ਪ੍ਰਕਾਰ ਦੀ ਤਿਆਰ ਕੀਤੀ ਖ਼ੁਰਾਕ ਦਾ ਜੋ ਸੇਵਨ ਕਰਦਾ ਹੈ, ਨਿਸਚੇ ਹੀ ਉਸ ਦਾ ਜਗਤ ਤੋਂ ਉਧਾਰ ਹੋ ਜਾਂਦਾ ਹੈ। ਅਜਿਹੀ ਵਸਤੂ ਨੂੰ ਛੱਡਣਾ ਨਹੀਂ ਚਾਹੀਦਾ, ਇਸ ਨੂੰ ਸਦਾ ਹਿਰਦੇ ਵਿਚ ਵਸਾਉਣਾ ਹੀ ਕਲਿਆਣਕਾਰੀ ਹੈ। ਇਹਨਾਂ ਚਾਰ ਪਦਾਰਥਾਂ ਵਿਚੋਂ ਪਹਿਲੇ ਤਿੰਨ ਮਨੁੱਖ ਦੀਆਂ ਸਦ-ਬਿਰਤੀਆਂ ਹਨ ਅਤੇ ਇਹਨਾਂ ਤਿੰਨਾਂ ਨੂੰ ਧਾਰਨ ਕਰਨ ਵਾਲੇ ਸਦਾਚਾਰੀ ਵਿਅਕਤੀ ਦੀ ਮਨੋ-ਭੂਮੀ ਹਰਿ ਨਾਮ ਰੂਪੀ ਜਲ ਨੂੰ ਗ੍ਰਹਿਣ ਕਰਨ ਦੇ ਉਪਯੁਕਤ ਹੈ। ਇਸ ਤੋਂ ਸਾਫ ਹੈ ਕਿ ਗੁਰਮਤਿ ਧਰਮ, ਸਾਧਨਾ ਵਿਚ ਸੰਤੋਖ ਦਾ ਵਿਸ਼ੇਸ਼ ਸਥਾਨ ਹੈ।

'ਸੰਤੋਖ' ਸ਼ਬਦ ਦੇ ਪਿਛੋਕੜ ਵਿਚ ਜਾਈਏ ਤਾਂ ਪਤਾ ਲੱਗਦਾ ਹੈ ਕਿ ਇਹ ਸੰਸਕ੍ਰਿਤ ਦੇ 'ਸੰਤੋਸ਼' ਸ਼ਬਦ ਦਾ ਤਦਭਵ ਰੂਪ ਹੈ ਅਤੇ ਇਸ ਦਾ ਅਰਥ ਹੈ-ਮਨ ਦੀ ਉਹ ਬਿਰਤੀ ਜਾਂ ਅਵਸਥਾ ਜਿਸ ਵਿਚ ਮਨੁੱਖ ਆਪਣੀ ਵਰਤਮਾਨ ਦਸ਼ਾ ਵਿਚ ਹੀ ਪੂਰਨ ਸੁਖ ਅਨੁਭਵ ਕਰਦਾ ਹੋਇਆ ਤ੍ਰਿਪਤ ਰਹਿੰਦਾ ਹੈ। ਭਾਰਤੀ ਦਰਸ਼ਨ ਅਤੇ ਸੰਸਕ੍ਰਿਤੀ ਵਿਚ ਸੰਤੋਖ ਨੂੰ ਸਦਾ ਮਹੱਤਵ ਦਿੱਤਾ ਜਾਂਦਾ ਰਿਹਾ ਹੈ। 'ਪਾਤੰਜਲਯੋਗ ਸੂਤਰ' ਅਨੁਸਾਰ ਅਸ਼ਟਾਂਗ ਮਾਰਗ ਦੇ ਨਿਯਮਾਂ ਵਿਚ ਸੰਤੋਖ ਨੂੰ ਦੂਜਾ ਸਥਾਨ ਪ੍ਰਾਪਤ ਹੈ। ਉਥੇ ਇਸ ਤੋਂ ਭਾਵ ਹੈ ਕਰਤਵ ਕਰਮ ਦੀ ਪਾਲਨਾ ਕਰਦੇ ਹੋਇਆਂ, ਉਸ ਦਾ ਜੋ ਕੁਝ ਵੀ ਸਿੱਟਾ ਨਿਕਲੇ ਅਤੇ ਪ੍ਰਾਲਬਧ ਅਨੁਸਾਰ ਆਪਣੇ ਆਪ ਨੂੰ ਜੋ ਕੁਝ ਵੀ ਪ੍ਰਾਪਤ ਹੋਵੇ, ਉਸੇ ਵਿਚ ਤ੍ਰਿਪਤ ਰਹਿਣਾ ਅਤੇ ਕਿਸੇ ਪ੍ਰਕਾਰ ਦੀ ਕਾਮਨਾ, ਇੱਛਾ ਜਾਂ ਤ੍ਰਿਸ਼ਨਾ ਨਾ ਕਰਨਾ 'ਸੰਤੋਸ਼' ਹੈ। ਧਿਆਨ ਰਹੇ ਕਿ ਇਥੇ ਸੰਤੋਸ਼ ਤੋਂ ਭਾਵ ਕਰਮ-ਹੀਨਤਾ ਜਾਂ ਨਿਸ਼ਕਰਮਤਾ ਨਹੀਂ, ਸਗੋਂ ਉਹ ਅਵਸਥਾ ਹੈ ਜਦੋਂ ਭੌਤਿਕ ਪਦਾਰਥਾਂ ਨੂੰ ਚਾਹੁਣ ਦੀ ਕਿਰਿਆਸ਼ੀਲਤਾ ਆਪਣਾ ਰੁਖ਼ ਅਧਿਆਤਮ ਪਦਾਰਥਾਂ ਵਲ ਮੋੜ ਲੈਂਦੀ ਹੈ, ਜਿਸ ਦੇ ਫਲਸਰੂਪ ਸਾਧਕ ਨੂੰ ਸ੍ਰੇਸ਼ਠ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਸੂਫ਼ੀ ਮਤ ਵਿਚ ਵੀ ਸੰਤੋਖ ਦੇ ਸਮਾਨਾਂਤਰ 'ਸਬਰ' ਦੀ ਬਿਰਤੀ ਦਾ ਸੂਫ਼ੀ ਸਾਧਕ ਦੇ ਜੀਵਨ ਵਿਚ ਮਹੱਤਵ ਦਸਿਆ ਗਿਆ ਹੈ। ਇਸ ਨੂੰ ਸੂਫ਼ੀ ਸਾਧਨਾ ਦਾ ਇਕ ਪੜਾਅ ਮੰਨਿਆ ਗਿਆ ਹੈ। ਇਸ ਬਿਰਤੀ ਦੇ ਫਲਸਰੂਪ ਸਾਧਕ ਦੁਨੀਆਵੀ ਸੁਖਾਂ/ਸੁਵਿਧਾਵਾਂ ਦਾ ਤਿਆਗ ਕਰ ਕੇ ਫਕੀਰੀ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ, ਉਹ ਦੁਨੀਆਵੀ ਸੁਖਾਂ ਦੇ ਮੁਕਾਬਲੇ ਈਸ਼ਵਰ-ਪ੍ਰਾਪਤੀ ਨੂੰ ਉਚੇਰਾ ਸਮਝਣ ਲੱਗ ਜਾਂਦਾ ਹੈ। ਸਬਰ ਦੀ ਬਿਰਤੀ ਦੇ



www.AKJ.Org

ਵਿਕਸਿਤ ਹੋਣ ਨਾਲ ਇਛਾਵਾਂ ਦਾ ਦਮਨ ਹੋ ਜਾਂਦਾ ਹੈ। ਇਹ ਅਵਸਥਾ ਸਾਰੀਆਂ ਦੁਨੀਆਵੀ ਇੱਛਾਵਾਂ ਉੱਤੇ ਪ੍ਰਾਪਤ ਕੀਤੀ ਜਿੱਤ ਹੈ। ਸ਼ੇਖ ਫਰੀਦ ਜੀ ਨੇ ਸਬਰ ਦੇ ਸਰਬਾਂਗੀ ਰੂਪ ਨੂੰ ਪੇਸ਼ ਕਰਦਿਆਂ ਕਿਹਾ ਹੈ ਕਿ ਜੇ ਮਨ ਵਿਚ ਸਬਰ ਦੀ ਕਮਾਣ ਹੋਵੇ ਅਤੇ ਸਬਰ ਦਾ ਹੀ ਚਿਲਾ ਹੋਵੇ ਅਤੇ ਸਬਰ ਦਾ ਬਾਣ ਇਸ ਕਮਾਣ ਤੇ ਚੜ੍ਹਾਇਆ ਗਿਆ ਹੋਵੇ ਤਾਂ ਪ੍ਰਮਾਤਮਾ ਉਸ ਤੀਰ ਨੂੰ ਨਿਸ਼ਾਨਿਓਂ ਚੁਕਣ ਨਹੀਂ ਦਿੰਦਾ। ਪਰਮ ਪਦ ਦੀ ਪ੍ਰਾਪਤੀ ਅਵੱਸ਼ ਹੁੰਦੀ ਹੈ।

ਸਬਰ ਮੰਝਿ ਕਮਾਣ ਏ ਸਬਰੁ ਕਾ ਨੀਹਣੋ ॥ ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥੧੧੫॥

[ਸਲੋਕ ਫਰੀਦ ਜੀ, ਪੰਨਾ ੧੩੮੪

ਇਸ ਬਿਰਤੀ ਨੂੰ ਜੀਵਨ ਵਿਚ ਢਾਲਦੇ ਹੋਇਆਂ ਫਰੀਦ ਜੀ ਨੇ ਦਸਿਆ ਹੈ–

ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ ॥੨੯॥ (੧੩੭੯)

ਸੰਤੋਖ ਦੇ ਇਸ ਭਾਰਤੀ ਅਤੇ ਸਾਮੀ ਸੰਦਰਭ ਤੋਂ ਮਨੁੱਖ ਜੀਵਨ ਵਿਚ ਇਸ ਦੇ ਮਹੱਤਵ ਦੀ ਗੱਲ ਸਪੱਸ਼ਟ ਹੈ। ਗੁਰੂ ਸਾਹਿਬਾਨ ਨੇ ਵੀ ਆਪਣੇ ਢੰਗ ਨਾਲ ਮਾਨਵ ਜੀਵਨ ਵਿਚ ਇਸ ਦੇ ਮਹੱਤਵ ਉੱਤੇ ਵਿਸਤਾਰ ਸਹਿਤ ਪ੍ਰਕਾਸ਼ ਪਾਇਆ ਹੈ। 'ਸੁਖਮਨੀ' ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਦਸਿਆ ਹੈ ਕਿ ਜਦ ਵਿਅਕਤੀ ਹਜ਼ਾਰ ਰੁਪਏ ਕਮਾ ਲੈਂਦਾ ਹੈ ਤਾਂ ਲਖ ਖੱਟਣ ਲਈ ਉਤਾਵਲਾ ਹੋ ਜਾਂਦਾ ਹੈ, ਉਹ ਮਾਇਆ ਨੂੰ ਇਕੱਠੀ ਕਰਨੋਂ ਤ੍ਰਿਪਤ ਨਹੀਂ ਹੁੰਦਾ, ਅਨੇਕ ਪ੍ਰਕਾਰ ਦੇ ਵਿਸ਼ੇ ਭੋਗ ਕਰਨ ਤੇ ਵੀ ਨਹੀਂ ਰਜਦਾ ਅਤੇ ਖੁਆਰ ਹੋ ਹੋ ਕੇ ਮਰਦਾ ਹੈ। ਅਸਲ ਵਿਚ ਸੰਤੋਖ ਧਾਰਨ ਕੀਤੇ ਬਿਨਾਂ ਕੋਈ ਵਿਅਕਤੀ ਤ੍ਰਿਪਤ ਨਹੀਂ ਹੋ ਸਕਦਾ ਅਤੇ ਉਸ ਦੇ ਸਾਰੇ ਕੰਮ ਕਾਰ ਸੁਪਨੇ ਦੇ ਮਨੋਰਥ ਵਾਂਗ ਨਿਸਫਲ ਜਾਂਦੇ ਹਨ :–

ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥
ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥੫॥੧੨॥ (ਸੁਖਮਨੀ ਮ: ੫)

ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਸੰਤੋਖ ਧਾਰਨ ਕਰਨ ਵਾਲੇ ਜਿਗਿਆਸੂ ਦੇ ਵਿਅਕਤਿਤਵ ਨੂੰ ਸਪੱਸ਼ਟ ਕਰਦਿਆਂ ਫੁਰਮਾਂਦੇ ਹਨ ਕਿ ਸਦਾ ਪ੍ਰਮਾਤਮਾ ਦੀ ਅਰਾਧਨਾ ਕਰਨ ਵਾਲੇ ਸੰਤੋਖੀ ਸਾਧਕ ਹੀ ਸੇਵਾ ਵਿਚ ਸਫਲਤਾ ਪ੍ਰਾਪਤ ਕਰਦੇ ਹਨ, ਉਹ ਕਦੇ ਮੰਦੇ ਕੰਮਾਂ ਵਲ ਆਪਣੇ ਕਦਮ ਨਹੀਂ ਰੱਖਦੇ, ਸਦਾ ਚੰਗੇ ਕੰਮ ਕਰਦੇ ਹਨ, ਧਰਮ ਅਨੁਸਾਰੀ ਜੀਵਨ ਜੀਂਦੇ ਹਨ। ਉਹਨਾਂ ਨੇ ਦੁਨੀਆ ਦੇ ਮਾਇਕ ਪਰਪੰਚ ਅਤੇ ਬੰਧਨ ਤੋੜ ਦਿੱਤੇ ਹਨ, ਅਤੇ ਸਦਾ ਅਲਪਾਹਾਰ ਕਰਦੇ ਹਨ। ਸਭ ਤੇ ਮਿਹਰਾਂ ਅਤੇ ਬਖਸ਼ਿਸ਼ਾਂ ਕਰਨ ਵਾਲੇ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਸੰਤੋਖੀ ਮਨੁੱਖ ਹੀ ਸਿਫਤ ਸਲਾਹ ਰਾਹੀਂ ਸਫਲ ਹੁੰਦੇ ਹਨ–

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥੭॥ (ਆਸਾ ਦੀ ਵਾਰ, ਪੰਨਾ ੪੬੬-੬੭)

ਗੁਰਬਾਣੀ ਵਿਚ ਸੰਤੋਖ ਨੂੰ ਸਰੇਸ਼ਠ ਕਰਨੀਆਂ ਵਿਚ ਵੀ ਸ਼ਾਮਿਲ ਕੀਤਾ ਗਿਆ ਹੈ–'ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ।' (੫੧) ਬਿਰਤੀਆਂ ਦੇ ਪਰਿਵਾਰ ਦੀ ਕਲਪਨਾ ਕਰਾਂਦਿਆਂ ਗੁਰੂ ਦੀ ਮਤਿ ਨੂੰ ਮਾਤਾ, ਸੰਤੋਖ ਨੂੰ ਪਿਤਾ ਅਤੇ ਸਦਾਚਰਣ ਨੂੰ ਭਰਾ ਮੰਨਿਆ ਗਿਆ ਹੈ–

ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥ ੧ ॥

[ਗਉੜੀ ਮਹਲਾ ੧, ਪੰਨਾ ੧੫੧



www.AKJ.Org

ਵਾਸਤਵਿਕ ਜਨੇਊ ਦਾ ਪਰਿਚਯ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਸੰਤੋਖ ਨੂੰ ਉਸ ਵਿਚਲਾ ਸੂਤਰ ਦਸਿਆ ਹੈ–'ਦਇਆ ਕਪਾਹ ਸੰਤੋਖੁ ਸੂਤ ਜਤੁ ਗੰਢੀ ਸਤੁ ਵਟੁ।' (੪੭੧) ਅਤੇ ਜੋਗ ਦੇ ਸਹੀ ਰੂਪ ਨੂੰ ਪੇਸ਼ ਕਰਦਿਆਂ ਸੰਤੋਖ ਦੀਆਂ ਮੁੰਦਰਾਂ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ–'ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।' (੬) ਹੋਰ ਵੀ ਕਈਆਂ ਪ੍ਰਸੰਗਾਂ ਵਿਚ ਰੂਪਾਤਮਕ ਵਿਧਾਨ ਰਾਹੀਂ ਸੰਤੋਖ ਦੇ ਮਹੱਤਵ ਦਾ ਪ੍ਰਤਿਪਾਦਨ ਹੋਇਆ ਹੈ। ਕਿਤੇ ਕਿਤੇ ਗੁਰੂ ਨੂੰ ਸੰਤੋਖ ਸਰੋਵਰ ਕਹਿ ਕੇ ਉਸ ਵਿਚ ਇਸ਼ਨਾਨ ਕਰਨ ਵਾਲਿਆਂ ਨੂੰ ਵਡਭਾਗੀ ਦਸਿਆ ਗਿਆ ਹੈ–'ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ।' (੧੬੯) ਇਕ ਥਾਂ ਗੁਰੂ ਨੂੰ ਸੰਤੋਖ ਦਾ ਬਿਰਛ ਦਸ ਕੇ ਧਰਮ ਅਤੇ ਗਿਆਨ ਨੂੰ ਇਸ ਦੇ ਫੂਲ ਫਲ ਮੰਨੇ ਦਸੇ ਹਨ– 'ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥' (੧੪੭)

ਗੁਰਬਾਣੀ ਵਿਚ ਸੰਤੋਖ ਦੀ ਪ੍ਰਾਪਤੀ ਲਈ ਸਰਵਣ, ਸਤਿਸੰਗਤ, ਪ੍ਰੇਮ-ਭਾਵ, ਗੁਰੂ ਸੇਵਾ ਆਦਿ ਉਪਾਅ ਵੀ ਦਸੇ ਗਏ ਹਨ। ਸਦਾਚਰਣ ਅਤੇ ਸੰਤੋਖ ਦੀਆਂ ਬਿਰਤੀਆਂ ਧਾਰਨ ਕਰਕੇ ਕੀਤੀ ਅਰਦਾਸ ਅਵੱਸ਼ ਸੁਣੀ ਜਾਂਦੀ ਹੈ– ਸਤੁ ਸੰਤੋਖੁ ਹੋਵੈ ਅਰਦਾਸਿ॥ ਤਾ ਸੁਣਿ ਸਦਿ ਬਹਾਲੇ ਪਾਸਿ॥੧॥

[ਰਾਮਕਲੀ ਮ: ੧, ਪੰਨਾ ੮੭੮

ਸੰਤੋਖ ਦੀ ਅਵਸਥਾ ਵਿਚ ਪਹੁੰਚਿਆ ਪ੍ਰਾਣੀ ਦੁਬਿਧਾ ਤੋਂ ਮੁਕਤ ਇਕ ਪ੍ਰਮਾਤਮਾ ਦੀ ਟੇਕ ਰੱਖਦਾ ਹੋਇਆ ਇਕ ਸੰਸਾਰਿਕ ਯਾਤਰਾ ਸੰਪੰਨ ਕਰਦਾ ਹੈ–

ਜੇਤਾ ਦੇਹਿ ਤੇਤਾ ਹਉ ਖਾਉ॥ ਬਿਆ ਦਰੁ ਨਾਹੀ ਕੈ ਦਰਿ ਜਾਉ॥੩॥੩੧॥

[ਸਿਰੀ ਰਾਗੁ ਮ: ੧, ਪੰਨਾ ੨੫

ਗੁਰਬਾਣੀ ਦੇ ਵਿਆਖਿਆ-ਪਰਕ ਸਾਹਿਤ ਵਿਚ ਵੀ 'ਸੰਤੋਖ' ਦੇ ਮਹੱਤਵ ਦੀ ਸਥਾਪਨਾ ਹੋਈ ਹੈ। ਗੁਰਬਾਣੀ ਦੇ ਸੁਪ੍ਰਸਿਧ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸਿੱਖ ਦੇ ਆਚਰਣ ਦੇ ਪ੍ਰਸੰਗ ਵਿਚ ਸੰਤੋਖ ਦੀ ਆਵੱਸ਼ਕਤਾ ਤੇ ਬਲ ਦਿੱਤਾ ਹੈ। ਉਹਨਾਂ ਅਨੁਸਾਰ ਇਹ ਸਰੇਸ਼ਠ ਪਦਾਰਥ ਹਰ ਗੁਰਸਿਖ ਨੂੰ ਧਾਰਨ ਕਰਨਾ ਚਾਹੀਦਾ ਹੈ, ਕਿਉਂਕਿ ਇਹ ਪਰਮ ਪਦ ਦੀ ਪ੍ਰਾਪਤੀ ਦੇ ਸਮਰੱਥ ਵਿਧਾਨਾਂ ਵਿਚੋਂ ਇਕ ਹੈ– 'ਸਤ ਸੰਤੋਖ ਦਇਆ ਧਰਮ ਅਰਥ ਸਮਰਥ ਸਭੋ ਬੰਧਾਨਾ॥'੧੫॥ (੩੦)

ਜਨਮ ਸਾਖੀ ਜਾਂ ਸਾਖੀ ਸਾਹਿਤ ਦੇ ਅਨੇਕ ਪ੍ਰਸੰਗਾਂ ਵਿਚ ਜਿਗਿਆਸੂ ਨੂੰ ਗੁਰੂ ਨਾਨਕ ਦੇਵ ਨੇ ਸੰਤੋਖ ਨੂੰ ਧਾਰਨ ਕਰਨ ਲਈ ਉਪਦੇਸ਼ ਦਿਤੇ ਹਨ, ਕਿਉਂਕਿ ਗੁਰਮੁਖਤਾ ਦੀ ਅਵਸਥਾ ਜਾਂ ਸਹਿਜ ਬਿਰਤੀ ਨੂੰ ਪ੍ਰਾਪਤ ਕਰਨ ਦਾ ਇਹ ਇਕ ਮਹੱਤਵ ਪੂਰਨ ਅਤੇ ਅਚੁੱਕ ਸਾਧਨ ਹੈ।

ਇਸ ਵਿਸ਼ਲੇਸ਼ਣ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਗੁਰਬਾਣੀ ਵਿਚ 'ਸੰਤੋਖ' ਨੂੰ ਧਾਰਨ ਕਰਨ ਉੱਤੇ ਬਹੁਤ ਬਲ ਦਿੱਤਾ ਗਿਆ ਹੈ; ਕਿਉਂਕਿ ਇਸ ਨਾਲ ਜਿਗਿਆਸੂ ਸਰਬਉਚ ਅਧਿਆਤਮਿਕ ਅਵਸਥਾ ਜਾਂ ਮੋਖ ਪੱਦ ਨੂੰ ਪ੍ਰਾਪਤ ਕਰਦਾ ਹੈ। ਇਸ ਅਧਿਆਤਮਿਕ ਪ੍ਰਾਪਤੀ ਤੋਂ ਇਲਾਵਾ ਸੰਤੋਖ ਬਿਰਤੀ ਦੇ ਵਿਕਸਣ ਨਾਲ ਅਤ੍ਰਿਪਤੀ ਤੋਂ ਪੈਦਾ ਹੋਣ ਵਾਲੇ ਸਾਰੇ ਸਮਾਜਿਕ ਦੁਰਾਚਾਰ ਅਤੇ ਵਿਕਾਰ ਵੀ ਖਤਮ ਹੁੰਦੇ ਹਨ। ਸਪੱਸ਼ਟ ਹੈ ਕਿ 'ਸੰਤੋਖ' ਦੀ ਦੋਹਰੀ ਉਪਯੋਗਤਾ ਹੈ ਅਧਿਆਤਮਿਕ ਵੀ ਅਤੇ ਸਮਾਜਿਕ ਵੀ। ਸੰਤੁਸ਼ਟ ਵਿਅਕਤੀਆਂ ਨਾਲ ਸਰੇਸ਼ਠ ਸਮਾਜ ਦਾ ਵਿਧਾਨ ਹੁੰਦਾ ਹੈ ਅਤੇ ਸਰੇਸ਼ਠ ਸਮਾਜ ਹੀ ਕਿਸੇ ਦੇਸ਼, ਰਾਸ਼ਟਰ ਜਾਂ ਜਾਤਿ ਦੀ ਸਦਾ ਮਹੱਤਵ ਅਕਾਂਕਸ਼ਾ ਰਹੀ ਹੈ।



www.AKJ.Org

# ਵਿਰੋਧੀਆਂ ਦੀ ਨਜ਼ਰਾਂ ਵਿਚ–ਖ਼ਾਲਸੇ ਦੀ ਆਚਰਣਿਕ ਉਚਤਾ

[ ਕੈਪਟਿਨ ਸਵਰਨ ਸਿੰਘ ਜੀ ]

"ਜੰਗਨਾਮਾ" ਜੋ ਇਕ ਪ੍ਰਸਿਧ ਇਤਿਹਾਸਕ ਪੁਸਤਕ ਹੈ, ਦਾ ਕਰਤਾ ਕਾਜ਼ੀ ਨੂਰ ਮੁਹੰਮਦ ਗੰਜਾਬੇ ਦਾ, ਸਿੱਖਾਂ ਦਾ ਕੱਟੜ ਤੇ ਬਦ-ਤਰੀਨ ਕਿਸਮ ਦਾ ਦੁਸ਼ਮਨ ਹੈ। ਇਤਿਹਾਸ ਪੱਖੋਂ ਇਹ ਅਨਮੋਲ ਪੁਸਤਕ ਸਿੱਖਾਂ ਪ੍ਰਤੀ ਗਾਲ੍ਹਾਂ ਦਾ ਪਲੰਦਾ ਹੈ। ਇਸ ਵਿਚ ਜਿਥੇ ਕਿਤੇ ਵੀ ਸਿੱਖਾਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਨੂੰ ਲਾਈਨ, ਭ੍ਰਿਸ਼ਟੇ, ਭੇੜੀ ਖੋ ਵਾਲੇ, ਕਾਫ਼ਿਰ, ਸੱਗ (ਕੁੱਤੇ), ਖ਼ੂਕ-ਖ਼ੋਰ (ਸੂਰ ਖਾਣੇ) ਕਾਲੇ ਮੂੰਹ ਵਾਲੇ, ਪਲੀਤ, ਦੋਜ਼ਖ਼ੀ ਆਦਿ ਕੁਨਾਵਾਂ ਨਾਲ ਯਾਦ ਕੀਤਾ ਗਿਆ ਹੈ।

ਕਾਜ਼ੀ ਨੂਰ ਮੁਹੰਮਦ ਦਾ ਤਿੰਨ ਚਾਰ ਮਹੀਨੇ ਹੀ ਸਿੱਖਾਂ ਨਾਲ ਵਾਹ ਪਿਆ ਹੈ ਅਤੇ ਉਸ ਨੇ ਦਸ ਕੁ ਲੜਾਈਆਂ ਵਿਚ ਸਿੱਖਾਂ ਦੇ ਲੜਨ-ਢੰਗ ਤੇ ਉਨ੍ਹਾਂ ਦੀ ਤੇਗ ਦੇ ਜੌਹਰ ਵੇਖੇ ਸਨ। ਤੁਅੱਸਬ ਵਿਚ ਅੰਨ੍ਹੇ ਹੋ ਕੇ ਭਾਵੇਂ ਉਸਨੇ ਸਿੱਖਾਂ ਬਾਰੇ ਬੜੇ ਕੁਬੋਲ ਬੋਲੇ ਹਨ ਤੇ ਇਕ-ਰੁਖ਼ੀ ਤਸਵੀਰ ਪੇਸ਼ ਕੀਤੀ ਹੈ, ਪਰ ਸਿੱਖੀ ਦੀ ਸੂਰਮਗਤੀ ਤੇ ਉਚੇ ਸੁਚੇ ਇਖ਼ਲਾਕ ਤੋਂ ਉਹ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਿਆ। ਪੁਸਤਕ ਦੇ ਸਫ਼ਾ ੧੫੬ ਉਤੇ ਧਰਮ-ਯੁਧ ਸਮੇਂ ਸਿੰਘਾਂ ਦੀ ਮਰਦਾਨਗੀ ਤੇ ਉਚੇ ਕਿਰਦਾਰ ਬਾਰੇ ਲਿਖਦਾ ਹੈ। ਹੇਠਾਂ ਫ਼ਾਰਸੀ ਬੰਦਾਂ ਦਾ ਪੰਜਾਬੀ ਉਲਥਾ ਦਿਤਾ ਜਾ ਰਿਹਾ ਹੈ–

(੧) "ਸਗਾਂ" ਕੁੱਤਿਆਂ (ਸਿੰਘਾਂ) ਨੂੰ ਸੱਗ (ਕੁੱਤੇ) ਨਾ ਕਹੋ, ਕਿਉਂਕਿ ਸੂਰਮਗਤੀ ਦੇ ਮੈਦਾਨ ਵਿਚ ਇਹ ਸਚ ਮੁਚ ਸ਼ੇਰ ਹਨ।......

(੪੪) ਉਨ੍ਹਾਂ ਦੇ ਜੰਗ ਦੇ ਹਾਲ ਤੋਂ ਬਿਨਾਂ ਇਕ ਹੋਰ ਨੁਕਤਾ ਵੀ ਸੁਣੋ, ਜਿਸ ਵਿਚ ਉਹ ਹੋਰ ਸਭ ਸੂਰਮਿਆਂ ਨਾਲੋਂ ਬਹੁਤ ਅਗੇ ਹਨ।

(੪੫) ਇਹ ਨਾਮਰਦ ਨੂੰ (ਲੜਾਈ ਵਿਚ ਹਥਿਆਰ ਰਖ ਦੇਣ ਵਾਲੇ ਨਾ ਲੜਨ ਵਾਲੇ ਨੂੰ) ਕਦੇ ਭੀ ਨਹੀਂ ਮਾਰਦੇ, ਅਤੇ ਨਾ ਹੀ ਮੈਦਾਨੋਂ ਭਜ-ਨਿਕਲੇ ਨੂੰ ਰੋਕਣ ਲਈ ਉਸ ਨੂੰ ਘੇਰਦੇ ਹਨ।

(੪੬) ਲੁੱਟ-ਮਾਰ ਸਮੇਂ ਉਹ ਕਿਸੇ ਔਰਤ ਦਾ ਧਨ-ਦੌਲਤ ਅਤੇ ਗਹਿਣੇ ਨਹੀਂ ਪੋਂਹਦੇ, ਭਾਵੇਂ ਉਹ ਸੁਆਣੀ ਹੋਵੇ ਜਾਂ ਦਾਸੀ।

(੪੭) ਇਨ੍ਹਾਂ 'ਕੁੱਤਿਆਂ' ਵਿਚ ਵਿਭਚਾਰ ਭੀ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਭੇੜੀਆਂ ਰਗਾਂ ਵਾਲਿਆਂ ਵਿਚ ਕੋਈ ਚੋਰੀ-ਚਕਾਰੀ ਹੀ ਹੈ। ਇਨ੍ਹਾਂ ਦੋਹਾਂ ਗੱਲਾਂ ਤੋਂ ਇਹ ਪਾਕ ਹਨ।

(੪੮) ਔਰਤ ਨੂੰ, ਭਾਵੇਂ ਜਵਾਨ ਹੈ ਭਾਵੇਂ ਬੁੱਢੀ, ਕਹਿੰਦੇ ਹਨ, ਬੁੱਢੀਏ ਇਕ ਪਾਸੇ ਹਟ ਜਾ। ('ਬੁੱਢੀ' ਤੋਂ ਭਾਵ ਇਥੇ ਮਾਂ ਵਰਗਾ ਸਤਿਕਾਰ ਵਾਲਾ ਸ਼ਬਦ ਹੈ।)

(੪੯) ਹਿੰਦੁਸਤਾਨੀ ਬੋਲੀ ਵਿਚ "ਬੁਢੀ" ਦਾ ਅਰਥ ਵਡੇਰੀ ਉਮਰ ਵਾਲੀ ਇਸਤ੍ਰੀ ਹੈ।

(੫੦) ਇਨ੍ਹਾਂ ਵਿਚ ਚੋਰੀ ਵਾਲੀ ਕੋਈ ਗੱਲ ਈ ਨਹੀਂ। ਨਾ ਹੀ ਇਨ੍ਹਾਂ ਬੁਰੀਆਂ ਰਗਾਂ ਵਾਲਿਆਂ ਵਿਚ ਕੋਈ ਸੰਨ੍ਹ ਹੀ ਮਾਰਨ ਵਾਲਾ ਹੁੰਦਾ ਹੈ।

(੫੧) ਵਿਭਚਾਰੀਆਂ ਅਤੇ ਸੰਨ੍ਹਾਂ ਲਾਉਣ ਵਾਲਿਆਂ ਨਾਲ ਇਹ ਮਿਤਰਤਾ ਨਹੀਂ ਰਖਦੇ, ਭਾਵੇਂ ਇਨ੍ਹਾਂ ਦੀਆਂ ਹੋਰ ਗੱਲਾਂ ਚੰਗੀਆਂ ਨਹੀਂ।

ਕਾਜ਼ੀ ਨੂਰ ਮੁਹੰਮਦ ਇਕ ਅਤਿ ਦਰਜੇ ਦਾ ਵਿਰੋਧੀ ਤੇ ਕੱਟੜ ਦੁਸ਼ਮਣ, ਸਿੰਘਾਂ ਦੇ ਇਖ਼ਲਾਕ ਦੀ ਤਾਰੀਫ਼ ਕਰ ਰਿਹਾ ਹੈ। ਇਹ ਸਭ ਉਸ ਦਾ ਅਖੀਂ ਡਿਠਾ ਹਾਲ ਤੇ ਤਜਰਬਾ ਹੈ, ਜੋ ਉਸ ਦੀ ਤੁਅਸਬ ਤੇ ਘਿਰਣਾ ਦੀਆਂ ਤਹਿਆਂ ਪਾੜ ਕੇ, ਸੱਚ ਤੇ ਹਕੀਕਤ ਨੂੰ ਆਪ-ਮੁਹਾਰਾ ਪਰਗਟ ਕਰ ਦੇਂਦਾ ਹੈ।

ਇਕ ਇਤਿਹਾਸਕ ਮਿਸਾਲ ਲਵੋ :–ਨਵੰਬਰ ੧੭੬੩ ਵਿਚ ਅਹਿਮਦ ਸ਼ਾਹ ਦਾ ਵਡਾ ਜਰਨੈਲ ਅਟਕ



www.AKJ.Org

ਟਪਿਆ ਤੇ ਸਿੰਘਾਂ ਵਿਰੁਧ ਮਾਰੋ ਮਾਰ ਕਰਦਾ ਸਿਆਲਕੋਟ ਨੂੰ ਹੋ ਤੁਰਿਆ ਕਿ ਜੰਮੂ ਦੇ ਰਾਜੇ ਰੰਜੀਤ ਦਿਓ ਦੀ ਸਹਾਇਤਾ ਪ੍ਰਾਪਤ ਕਰ ਸਕੇ । ਸ: ਚੜ੍ਹਤ ਸਿੰਘ ਇਸ ਵੇਲੇ ਗੁਜਰਾਂਵਾਲੇ ਸੀ । ਉਸ ਨੇ ਸ: ਜੱਸਾ ਸਿੰਘ ਆਹਲੂ-ਵਾਲੀਏ, ਸ: ਗੁਜਰ ਸਿੰਘ ਭੰਗੀ ਤੇ ਸ: ਝੰਡਾ ਸਿੰਘ ਭੰਗੀ ਨੂੰ ਸੱਦ ਭੇਜਿਆ ਅਤੇ ਸਿੰਘਾਂ ਨੇ ਰਲ ਕੇ ਜਹਾਨ ਖ਼ਾਨ ਨੂੰ ਜਾ ਲਲਕਾਰਿਆ । ਜਹਾਨ ਖ਼ਾਨ ਦਾ ਘੋੜਾ ਮਾਰਿਆ ਗਿਆ ਤੇ ਉਹ ਭੁੰਜੇ ਆਣ ਡਿਗਾ । ਸਿੰਘਾਂ ਅਫ਼ਗਾਨੀ ਲਸ਼ਕਰ ਗਾਜਰ ਮੂਲੀ ਵਾਂਗ ਕਟ ਕੇ ਰਖ ਦਿਤਾ । ਜਹਾਨ ਖ਼ਾਨ ਰੁਹਤਾਸ ਵਲ ਨੂੰ ਨਸ ਗਿਆ । ਅਫ਼ਗਾਨੀ ਫ਼ੌਜ ਦਾ ਜੰਗੀ ਮਾਲ-ਅਸਬਾਬ ਤੇ ਜਹਾਨ ਖ਼ਾਨ ਦਾ ਇਕ ਸਜਿਆ ਹੋਇਆ ਹਾਥੀ, ਉਸ ਦੀ ਬੇਗਮ ਤੇ ਹੋਰ ਜ਼ਨਾਨਾ ਰਿਸ਼ਤੇਦਾਰ ਤੇ ਸੰਬੰਧੀ ਸਿੰਘਾਂ ਦੇ ਹੱਥ ਆ ਗਏ । ਇਨ੍ਹਾਂ ਪਾਸ ਬਹੁਤ ਸਾਰਾ ਜ਼ੇਵਰ ਤੇ ਜਹਾਨ ਖ਼ਾਨ ਦਾ ਤੋਸ਼ਾ-ਖ਼ਾਨਾ ਸੀ । ਜਹਾਨ ਖ਼ਾਨ ਦੀ ਬੇਗਮ ਨੇ ਜਦ ਸ: ਜਸਾ ਸਿੰਘ ਪਾਸ ਅਰਜ਼ ਕੀਤੀ ਕਿ ਸਾਡੀ ਇੱਜ਼ਤ-ਆਬਰੂ ਤੁਹਾਡੇ ਹੱਥ ਹੈ । ਤਾਂ ਉਨ੍ਹਾਂ ਉਤਰ ਦਿਤਾ ਕਿ ਤੁਸੀਂ ਬਿਲਕੁਲ ਸੁਰੱਖਿਅਤ ਹੋ, ਉੱਕਾ ਚਿੰਤਾ ਨਾ ਕਰੋ, ਖਾਲਸਾ ਤੁਹਾਡੇ ਮਾਲ ਨੂੰ ਬਿਲਕੁਲ ਹੱਥ ਤਕ ਨਹੀਂ ਲਾਏਗਾ, ਸਗੋਂ ਪੂਰੇ ਇੱਜ਼ਤ-ਮਾਣ ਤੇ ਪਰਦੇ-ਦਾਰੀ ਨਾਲ ਤੁਹਾਨੂੰ ਜਿਥੇ ਕਹੋ, ਛਡ ਕੇ ਆਉਣ ਦਾ ਜ਼ਿਮੇਵਾਰ ਹੈ । ਬੇਗਮ ਦੀ ਇਛਾ ਅਨਸਾਰ ਉਸ ਨੂੰ ਸਮੇਤ ਉਸ ਦੇ ਮਾਲ-ਜ਼ੇਵਰ ਦੇ ਜੰਮੂ ਪਹੁੰਚਾ ਦਿਤਾ ਗਿਆ । ਇਹ ਉਸ ਜਹਾਨ ਖ਼ਾਨ ਦਾ ਪਰਵਾਰ ਸੀ, ਜਿਸ ਨੇ ਡੇਢ ਸਾਲ ਪਹਿਲਾਂ ਘਲੂਘਾਰੇ ਸਮੇਂ ਹਜ਼ਾਰਾਂ ਸਿੰਘ, ਸਿੰਘਣੀਆਂ, ਬੁੱਢੇ ਬੱਚੇ ਮੌਤ ਦੇ ਘਾਟ ਉਤਾਰੇ ਸਨ । ਉਸ ਨੇ ਸਿਖ ਕੌਮ ਨੂੰ ਨਸ਼ਟ ਕਰ ਦੇਣ ਵਿਚ ਕੋਈ ਕਸਰ ਨਹੀਂ ਸੀ ਛਡੀ । ਐਡੇ ਵਡੇ ਵੈਰੀ ਦੇ ਕਾਬੂ ਆਏ ਪਰਵਾਰ ਨਾਲ ਇਹੋ ਜਿਹਾ ਉਦਾਰਤਾ ਤੇ ਦਇਆ ਪੂਰਬਕ ਸਲੂਕ ਸਿਰਫ ਕਲਗੀਧਰ ਪਾਤਸ਼ਾਹ ਦੇ ਜਾਏ ਹੀ ਕਰ ਸਕਦੇ ਹਨ ।

ਇਹੋ ਜਿਹੀਆਂ ਹਜ਼ਾਰਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ । ਯਾਦ ਹੋਵੇਗਾ, ਬੰਗਲਾ ਦੇਸ਼ ਦੀ ਜੰਗ ਵੇਲੇ ਪਾਕਿਸਤਾਨੀ ਫ਼ੌਜੀਆਂ ਨੇ ਆਪਣੀਆਂ ਹੀ ਜ਼ਨਾਨੀਆਂ ਨਾਲ ਕਿਹੋ ਜਿਹਾ ਵਹਿਸ਼ੀਆਨਾ ਸਲੂਕ ਕੀਤਾ ਸੀ । ਜਦ ਸਿੰਘਾਂ ਸਰਦਾਰਾਂ ਮੋਰਚਿਆਂ ਵਿਚ ਔਰਤਾਂ ਨੂੰ, ਜਿਨ੍ਹਾਂ ਨੂੰ ਪਾਕਿਸਤਾਨੀ ਫੌਜੀ ਰਖੀ ਬੈਠੇ ਸਨ, ਨੰਗਿਆਂ ਵੇਖਿਆ ਤਾਂ ਆਪਣੀਆਂ ਪੱਗਾਂ ਪਾੜ ਪਾੜ ਕੇ ਉਨ੍ਹਾਂ ਨੂੰ ਦੇ ਕੇ ਉਨ੍ਹਾਂ ਦਾ ਪਰਦਾ ਢਕਿਆ । ਅਹਿਮਦਸ਼ਾਹ ਅਬਦਾਲੀ ਦੇ ਪੰਜੇ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਬੀਬੀਆਂ ਨੂੰ ਛੁਡਵਾ ਕੇ, ਸਾਰੀਆਂ ਨੂੰ ਇੱਜ਼ਤ-ਆਬਰੂ ਸਹਿਤ ਆਪੋ ਆਪਣੇ ਘਰੀਂ ਪਹੁੰਚਾ ਕੇ ਖਾਲਸੇ ਨੇ ਉਚੇ ਸੁਚੇ ਆਚਰਣ ਦਾ ਨਮੂਨਾ ਸੰਸਾਰ ਦੇ ਸਾਹਮਣੇ ਰਖਿਆ । ਉਨ੍ਹਾਂ ਦੀ ਪਾਕ-ਪਵਿਤਰ ਨਜ਼ਰ ਵਿਚ ਪਰਾਈਆਂ ਇਸਤ੍ਰੀਆਂ ਮਾਵਾਂ ਭੈਣਾਂ ਧੀਆਂ ਹਨ ।

ਸਿੰਘਾਂ ਨੂੰ ਇਹ ਉਚਾ ਸੁਚਾ ਆਚਰਣ ਦਸਮੇਸ਼ ਪਿਤਾ ਨੇ ਅੰਮ੍ਰਿਤ ਦੀ ਦਾਤਿ ਦੇ ਨਾਲ ਹੀ ਹੋਰ ਵੀ ਪੱਕਾ ਕਰ ਦਿਤਾ ਸੀ, ਜਿਸ ਦੀ ਤਾਲੀਮ ਉਤੇ ਪਹਿਲੀਆਂ ਨਵਾਂ ਪਾਤਸ਼ਾਹੀਆਂ ਨੇ ਪੂਰਾ ਜ਼ੋਰ ਦਿਤਾ ਸੀ । ਇਸਤ੍ਰੀ ਨੂੰ ਜੋ ਸਤਿਕਾਰ, ਮਾਣ ਤੇ ਰੱਖਿਆ ਸਿਖ-ਜਗਤ ਵਿਚ ਹੈ, ਹੋਰ ਕਿਧਰੇ ਨਹੀਂ । ਕਸੂਰ ਜੈਸੇ ਜ਼ਬਰਦਸਤ ਸ਼ਹਿਰ ਨੂੰ ਸ: ਹਰੀ ਸਿੰਘ ਭੰਗੀ ਨੇ ਏਸੇ ਲਈ ਤਹਿਸ ਨਹਿਸ ਕਰ ਦਿਤਾ ਸੀ ਕਿ ਉਥੋਂ ਦੇ ਹਾਕਮ ਉਸਮਾਨ ਖ਼ਾਨ ਨੇ ਇਕ ਗਰੀਬ ਬ੍ਰਾਹਮਣ ਔਰਤ ਦੀ ਇੱਜ਼ਤ ਉਤੇ ਹੱਥ ਪਾਇਆ ਸੀ । ੧੭ ਸਾਲ ਪਿਛੋਂ ਜਲਾਲ ਖ਼ਾਨ ਲੁਹਾਰੀ ਵਾਲੇ ਨੂੰ ਵੀ ਇਸ ਕਿਸਮ ਦੀ ਹਰਕਤ ਵਜੋਂ ਏਡੀ ਦੂਰ ਜਾ ਕੇ ਬੁੱਢਾ ਦਲ ਨੇ ਸੋਧਿਆ ਸੀ । ['ਸੂਰਾ' ਰਹਿਤ ਮਰਯਾਦਾ ਅੰਕ, ਸਤੰਬਰ ੮੦

# ਜੋਤਿ ਵਿਗਾਸ

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਮਹਾਂ-ਕਾਵਿ 'ਜੋਤਿ ਵਿਗਾਸ' ਪੁਸਤਕ ਛਪ ਗਈ ਹੈ । ਇਹ ਪੁਸਤਕ ਹਜ਼ਾਰੀ ਬਾਗ ਜੇਲ੍ਹ ਵਿਚ ਲਗਾਤਾਰ ਸਤ ਦਿਨ ਤੇ ਸਤ ਰਾਤਾਂ ਭਾਈ ਸਾਹਿਬ ਇਲਾਹੀ ਰੰਗਾਂ ਵਿਚ, ਆ-ਮੁਹਾਰੀ ਉਤਰ ਰਹੀ ਕਵਿਤਾ ਦੇ ਵੇਗ ਵਿਚ ਲਿਖੀ ਤੁਰੇ ਗਏ । ਇਸ ਪੁਸਤਕ ਵਿਚ ਰੂਹਾਨੀਅਤ ਦੇ ਵਖੋ ਵਖ ਚਮਤਕਾਰਾਂ ਦਾ ਬਿਆਨ ਪ੍ਰੇਮ-ਵਲਵਲੇ ਦੇ ਉਠਾਉ ਤੇ ਲਹਿਰਾਉ ਵਿਚ ਲੜੀ-ਬਝਵਾਂ ਚਲ ਰਿਹਾ ਹੈ । ਪੁਸਤਕ ਕੀ ਹੈ, ਗੁਰਮਤਿ ਵਿਆਖਿਆ ਦੀ ਅਦਿਭੁਤ ਛੰਦਾਵਲੀ ਹੈ, ਜਿਸ ਵਿਚ ਗੁਰਮਤਿ ਨਾਮ ਸਿਮਰਨ ਤੇ ਗੁਰਮਤਿ ਰਹਿਤ ਮਰਯਾਦਾ ਦਾ ਨਿਰਣਾ ਆ ਜਾਂਦਾ ਹੈ । ਕਾਗਜ਼ ਵਧੀਆ, ਦੋ ਰੰਗੀ ਛਪਾਈ, ਰੇਕਜ਼ੀਅਨ ਦੀ ਜਿਲਦ, ਭੇਟਾ 17-50

www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਗੁਰਸਿਖ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਹੇਠ ਲਿਖੀ ਮਾਇਆ ਪੁਜੀ ਹੈ—

| | | | |
|---|---|---|---|
| ਸ: ਪ੍ਰਦੁਮਨ ਸਿੰਘ. ਜਲੰਧਰ (ਗੁਰੂ ਕੀ ਗੋਲਕ ਚੋਂ) | ੧੦੦-੦੦ | ਸਾਧ ਸੰਗਤ ਹਡਰਸਫੀਲਡ ਯੂ. ਕੇ. | ੫੪੦-੮੦ |
| ਭਾਈ ਪ੍ਰਿਤਪਾਲ ਸਿੰਘ ਆਦਮਪੁਰ (ਜਲੰਧਰ) | ੫੧-੦੦ | ਸ: ਗੁਰਮੀਤ ਸਿੰਘ ਸਮੈਥਵਿਕ ਯੂ. ਕੇ. | ੪੧੬-੦੦ |
| ਬੀ: ਗੁਰਪਿੰਦਰ ਕੌਰ. ਤਲਵੰਡੀ ਲਾਲ ਸਿੰਘ (ਗੁਰਦਾਸ:) | ੧੦੦-੦ | ਬੀ: ਬਲਵਿੰਦਰ ਕੌਰ. ਵੈਸਟ ਬ੍ਰਾਮਵਿਚ ਯੂ. ਕੇ. | ੪੧੬-੦੦ |
| ਮਾਤਾ ਨਿਹਾਲ ਕੌਰ. ਬੜੂੰਦੀ (ਲੁਧਿਆਣਾ) | ੧੦੦-੦੦ | ਸਾਧ ਸੰਗਤ Koln ਵੈਸਟ ਜਰਮਨੀ | ੧੫੧੮-੪੦ |
| ਭਾ: ਇੰਦਰਜੀਤ ਸਿੰਘ ਅੰਮ੍ਰਿਤਸਰ (ਸਮਾਗਮ ਚੜ੍ਹਾਵਾ) | ੭੬-੪੫ | ਸ: ਅਮਰਜੀਤ ਸਿੰਘ ਓਲਡਬਰੀ ਯੂ.ਕੇ. | ੬੨੪-੦੦ |
| ਸ: ਸਤਬੀਰ ਸਿੰਘ ਖੰਡੂਜਾ ਪੂਨਾ | ੩੧-੦੦ | ਸਾਧ ਸੰਗਤ ਗੁਰੂ ਨਾਨਕ ਗੁਰਦਵਾਰਾ ਵੈਸਟਬ੍ਰਾਮਵਿਚ | ੭੬੯-੦੦ |
| ਅਖੰਡ ਕੀਰਤਨੀ ਜਥਾ ਕਵੈਤ | ੪੪੭੫-੦੦ | ਖਾਲਸਾ ਫੈਨਸੀ ਸਟੋਰ, ਆਦਮਪੁਰ (ਜਲੰਧਰ) | ੫੦-੦੦ |
| ਸਾਧ ਸੰਗਤ ਕੋਵੈਂਨਟਰੀ ਯੂ. ਕੇ. | ੧੩੯੩-੬੦ | | |

## ਗੁਰਸਿੱਖ ਪੀੜਤ ਪਰਵਾਰਾਂ ਨੂੰ ਦਿੱਤੀ ਗਈ ਸਹਾਇਤਾ

| | |
|---|---|
| ਬੀਬੀ ਸੁਰਜੀਤ ਕੌਰ ਸੁਪਤਨੀ ਸ਼ਹੀਦ ਅਜ਼ੀਤ ਸਿੰਘ ਤੁਸਿਕਾ (ਅੰਮ੍ਰਿਤਸਰ) (ਪਰਵਾਰਕ ਲੋੜਾਂ ਲਈ) | ੫੦੦੦-੦੦ |
| " " " " ਸਕੂਲ ਦੇ ਪੱਖਿਆਂ ਆਦਿ ਲਈ | ੫੦੦੦-੦੦ |
| ਭਾਈ ਗੁਰਦਿਤ ਸਿੰਘ, ੩੩ ਅੰਤਰਜਾਮੀ ਕਾਲੋਨੀ. ਅੰਮ੍ਰਿਤਸਰ | ੫੦੦-੦੦੦ |
| ਬੀਬੀ ਜਸਵੰਤ ਕੌਰ ਸੁਪਤਨੀ ਸ: ਜੋਗਿੰਦਰ ਸਿੰਘ ਅਖਾੜਾ (ਮਾਸਕ ਸਹਾਇਤਾ) | ੩੦੦-੦੦ |
| ਬੀਬੀ ਗੁਰਬਚਨ ਕੌਰ ਸੁਪਤਨੀ ਭਾਈ ਕੁਲਵਿੰਦਰ ਸਿੰਘ ਕ੍ਰਿਸ਼ਨਾ ਨਗਰ, ਅੰਮ੍ਰਿਤਸਰ | ੫੦੦੦-੦੦ |
| ਬੀਬੀ ਗੁਰਦੇਵ ਕੌਰ ਸੁਪਤਨੀ ਭਾਈ ਕੁਲਵੰਤ ਸਿੰਘ. ਅੰਮ੍ਰਿਤਸਰ | ੫੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਸ੍ਰੀ ਅੰਮ੍ਰਿਤਸਰ

# ਅਖੰਡ ਕੀਰਤਨੀ ਜਥਾ ਯੂ ਕੇ ਵਲੋਂ ਗੁਰਮਤਿ ਸਮਾਗਮ

੧੫ ਅਗਸਤ ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਸਮਾਗਮ—
ਸਿਖ ਸੰਗਤ ਗੁਰਦਵਾਰਾ, 7—ਫ਼ਰਾਂਸਿਸ ਰੋਡ, ਲੇਟਨ (Levton) ਲੰਡਨ ਯੂ. ਕੇ.
ਪੁਛ ਗਿੱਛ—ਗੁਰਦਵਾਰਾ ਫੋਨ 01-5 6-4732, ਭਾ: ਸਤਵਿੰਦਰ ਸਿੰਘ 01-539-8331

(੨) ੫ ਸਤੰਬਰ ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਸਮਾਗਮ—
ਸਿੱਖ ਟੈਂਪਲ, ਨਾਰਥ ਸਟਰੀਟ. ਸਵਿੰਡਨ (Swindon) ਯੂ. ਕੇ.
ਪੁਛ ਗਿਛ—ਗੁਰਦੁਵਾਰਾ ਸਾਹਿਬ ਫੋਨ 0793-38238

## ਪਰਦੇਸੀ ਅਮਾਨਤੀ ਲਾਈਫ਼ ਮੈਂਬਰ ਆਪਣੇ ਬਕਾਏ ਛੇਤੀ ਭੇਜਣ

ਪਰਦੇਸੀ ਵਧੇ ਡਾਕ ਖਰਚਾਂ ਕਾਰਨ ਅਮਾਨਤੀ ਲਾਈਫ਼ ਮੈਂਬਰੀ ਦੇ ਵੀ ਇਕ ਹਜ਼ਾਰ ਰੁਪਏ ਕਰਨੇ ਪਏ ਹਨ। ਜਿਨ੍ਹਾਂ ਵੀਰਾਂ ਨੇ ਆਪਣੀ ਰਕਮ ਅਜੇ ਤਕ ਪੂਰੀ ਨਹੀਂ ਕੀਤੀ, ਉਹ ਆਪਣੀ ਬਾਕੀ ਰਕਮ ਛੇਤੀ ਭੇਜ ਕੇ ਇਕ ਹਜ਼ਾਰ ਰੁਪਏ ਪੂਰੇ ਕਰ ਦੇਣ ਜੀ।

ਇੰਗਲੈਂਡ ਦੇ ਬਕਾਏ ਅਤੇ ਚੰਦੇ ਯੂ. ਕੇ. ਵਿਚ ਹੀ ਜਮ੍ਹਾਂ ਕਰਾਓ ਜੀ

S.Gurnam Singh, 10-Lamb urne Gardens, Eaily, Reading, Berks U.K.

## ਸ਼ਹੀਦਾਂ ਦੀ ਯਾਦ ਵਿਚ ਗੁ: ਟਾਹਲੀ ਸਾਹਿਬ(ਸੰਤੋਖਸਰ) ਅੰਮ੍ਰਿਤਸਰ ੨੨ ਅਗਸਤ ਰਾਤ ਰੈਣ ਸਬਾਈ

## ਸ੍ਰੀ ਅੰਮ੍ਰਿਤਸਰ ਵਿਖੇ ਹਫਤੇਵਾਰੀ ਐਤਵਾਰ ਦੇ ਕੀਰਤਨ ਪ੍ਰੋਗਰਾਮ (ਸਵੇਰੇ ੬ ਤੋਂ ੧੦-੩੦)

੨ ਅਗਸਤ ਸ: ਰਘਬੀਰ ਸਿੰਘ ਪੁਤਰ ਸ: ਬਲਵੰਤ ਸਿੰਘ, ੨੮੪-ਗੁਰੂ ਅਰਜਨ ਦੇਵਨਗਰ ਸਾਹਮਣੇ ਗੰਗਾਵਾਲਾ ਬਿਲਡਿੰਗ
੯ ,, ਡਾ: ਸਤਨਾਮ ਸਿੰਘ, ੮੬-ਅਜੀਤ ਨਗਰ (ਡਾ: ਹਰਬੰਸ ਸਿੰਘ ਜੀ ਅੱਖਾਂ ਵਾਲਿਆਂ ਦੀ ਬਰਸੀ)
੧੬ ,, ਗੁਰਦਵਾਰਾ ਸ੍ਰੀ ਲੋਹਗੜ੍ਹ ਸਾਹਿਬ
੨੩ ,, ਭਾਈ ਅਮਰ ਸਿੰਘ ਗੁਰਦੇਵ ਸਿੰਘ, ਖਾਲਸਾ ਫ਼ਰਨੀਚਰ ਹਾਊਸ ਕਟੜਾ ਕਰਮ ਸਿੰਘ
੨੯ ,, ਬਟਾਲਾ ਵਿਆਹ ਪੁਰਬ ਸਮੇਂ ਸਲਾਨਾ ਸਮਾਗਮ ਸਕੂਲ ਵਿਖੇ ਰੈਣ ਸਬਾਈ ਕੀਰਤਨ।

## ਪਠਾਨਕੋਟ ਅਬਰੋਲ ਨਗਰ(ਨੇੜੇ ਗੁਰਦੁਵਾਰਾ ਸਾਹਿਬ)ਵਿਖੇ ਸ੍ਰੀ ਅਖੰਡਪਾਠ ਤੇ ਦਿਵਸ ਸੁਹੇਲਾ ਕੀਰਤਨ

ਭਾਈ ਸੇਵਾ ਸਿੰਘ (Red. Flt. Lt.) ਦੇ ਮਕਾਨ ਨੰ: ੧੧੫ ਵਿਖੇ ੨੩ ਅਗਸਤ ਐਤਵਾਰ ਸਵੇਰੇ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਵਿਚ ਆਇ ਜੁੜੋ ਜੀ।

www.AKJ.Org

## ਬੀਬੀ ਜਸਵੰਤ ਕੋਰ ਜੀ ਦਿੱਲੀ !!



ਬੀਬੀ ਜੀ ਦੇ ਪਿਤਾ ਸ: ਕਿਰਪਾਲ ਸਿੰਘ ਜੀ ਬੜੇ ਗੁਰਮਤੀ ਅਸੂਲਾਂ ਵਾਲੇ ਸਨ ਅਤੇ ਆਪ ਦੇ ਪਤੀ ਸ: ਦਲੀਪ ਸਿੰਘ ਜੀ ਵੀ ਗੁਰੂ-ਦਰ ਦੇ ਅਨਿੰਨ ਸੇਵਕ ਹਨ। ੧੯੬੦ ਵਿਚ ਅਨੰਦ ਕਾਰਜ ਸਮੇਂ ਰਾਤੋ ਰਾਤ ਅੰਮ੍ਰਿਤ-ਸਿੰਚਾਰ ਕਰ ਕੇ ਬੀਬੀ ਜੀ ਨੂੰ ਤਿਆਰ-ਬਰ-ਤਿਆਰ ਕੀਤਾ ਗਿਆ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਬੀਬੀ ਜੀ ਨੇ ਜਿਥੇ ਗੁਰਬਾਣੀ ਨਾਲ ਅਤੁਟ ਪਿਆਰ ਕੀਤਾ ਉਥੇ ਹੱਥੀਂ ਸੇਵਾ ਕਰਨ ਦਾ ਚਾਅ ਵੀ ਅੰਤ ਤਕ ਬਣਿਆ ਰਿਹਾ। ਸਮੂਹ ਪਰਵਾਰ ਨਾਲ ਸਿਖ ਸੰਗਤਾਂ ਦੀ ਤਨ ਮਨ ਧਨ ਨਾਲ ਸੇਵਾ ਕਰਦੇ ਹੋਏ ੪੮ ਸਾਲ ਦੀ ਆਯੂ ਵਿਚ ੧੬ ਮਈ ੮੭ ਨੂੰ ਇਸ ਅਸਾਰ ਸੰਸਾਰ ਦਾ ਸਾਥ ਛਡ ਗਏ ਹਨ। ਸ: ਦਲੀਪ ਸਿੰਘ ਜੀ ਦੀ ਲਾਲਸਾ ਹੈ ਕਿ ਬੱਚੇ ਵੀ ਸਿਖੀ ਮਾਰਗ ਤੇ ਚਲ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹਿਣ।

### ਜਗਾਧਰੀ ਦਾ ਸਾਲਾਨਾ ਸਮਾਗਮ ੧੦ ਤੋਂ ੧੩ ਸਤੰਬਰ ਤਕ—ਵੇਰਵਾ ਆਉਂਦੇ ਪਰਚੇ ਵਿਚ
### ਦਿਆਲਪੁਰ ਦਾ ਸਾਲਾਨਾ ਸਮਾਗਮ ੧੦ ਅਕਤੂਬਰ ਨੂੰ ,, ,, ,,

### ਬਟਾਲਾ ਵਿਆਹ ਪੁਰਬ ਸਮੇਂ ਸਾਲਾਨਾ ਕੀਰਤਨ ਸਮਾਗਮ

੨੭ ਅਗਸਤ ਸਵੇਰੇ ੪ ਤੋਂ ੭ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਗੁਰ ਨਾਨਕ ਹਾ: ਸੈ: ਸਕੂਲ ਵਿਖੇ, ਸ਼ਾਮ ੬ ਤੋਂ ੮ ਸੋਦਰ ਦੀ ਚੌਂਕੀ। ੨੮ ਅਗਸਤ ਸਵੇਰੇ ੬-੩੦ ਤੋਂ ੧੦ ਤਕ ਆਸਾ ਦੀ ਵਾਰ ਗੁ: ਕੰਧ ਸਾਹਿਬ, ਸ਼ਾਮ ੭ ਤੋਂ ੯ ਸੋਦਰ ਦੀ ਚੌਕੀ ਗੁਰੂ ਨਾਨਕ ਨਗਰ। ੨੯ ਅਗਸਤ ਸਵੇਰੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਦੁਪਹਿਰ ਤਕ ਕੀਰਤਨ ਸਕੂਲ ਵਿਖੇ, ਸ਼ਾਮ ਨੂੰ ਅੰਮ੍ਰਿਤ ਸਿੰਚਾਰ ਤੇ ਰਾਤ ਨੂੰ ਰੈਣ ਸਬਾਈ ਕੀਰਤਨ। ੩੦ ਅਗਸਤ ਐਤਵਾਰ ੭ ਵਜੇ ਸਮਾਪਤੀ।
ਨੋਟ—ਸਾਰਾ ਪ੍ਰੋਗਰਾਮ ਤੇ ਰਿਹਾਇਸ਼ ਆਦਿ ਗੁਰੂ ਨਾਨਕ ਖਾ: ਹਾ: ਸੈਕੰਡਰੀ ਸਕੂਲ ਵਿਚ ਹੋਵੇਗਾ।
ਛੁਟੀਆਂ ਨੂੰ ਮੁਖ ਰਖ ਕੇ ਪ੍ਰੋਗਰਾਮ ਮੇਲੇ ਤੋਂ ਪਹਿਲਾਂ ਰਖਿਆ ਗਿਆ ਹੈ। ਦਾਸਰੇ—ਅਖੰਡ ਕੀਰਤਨੀ ਜਥਾ ਜ਼ਿਲਾ ਬਟਾਲਾ

### ਪ੍ਰਕਾਸ਼ ਉਤਸ਼ਵ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਚੰਡੀਗੜ੍ਹ ਵਿਖੇ

੩ ਸਤੰਬਰ ਸਵੇਰੇ ੩ ਤੋਂ ੫ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ, ਸ਼ਾਮ ੬ ਤੋਂ ੮-੪੫ ਸੋਦਰ ਦੀ ਚੌਕੀ
੪ ਸਤੰਬਰ ਸਵੇਰੇ ੫ ਤੋਂ ੧੦ ਆਸਾ ਦੀ ਵਾਰ ਕੀਰਤਨ, ਸ਼ਾਮ ੬ ਤੋਂ ੮-੪੫ ਸੋਦਰ ਦੀ ਚੌਕੀ
੫ ਸਤੰਬਰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ਨੂੰ ਅੰਮ੍ਰਿਤ ਸਿੰਚਾਰ ਤੇ ਰਾਤ ਨੂੰ ਰੈਣ ਸਬਾਈ ਕੀਰਤਨ
੬ ਸਤੰਬਰ ਐਤਵਾਰ ਸਵੇਰੇ ੭ ਵਜੇ ਸਮਾਪਤੀ।
(੧) ਕੀਰਤਨ ਅਸਥਾਨ ਤੇ ਰਿਹਾਇਸ਼ ਗੁ: ਸ੍ਰੀ ਗੁਰੂ ਸਿੰਘ ਸਭਾ, ਸੈਕਟਰ ੧੯-ਡੀ (ਬਸ ਸਟੈਂਡ ਤੋਂ ਇਕ ਫਰਲਾਂਗ)
(੨) ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਇਤਲਾਹ ਦੇਣ ਜੀ। ਦਾਸਰੇ-ਅਖੰਡ ਕੀਰਤਨੀ ਜਥਾ ਮੋਹਾਲੀ-ਚੰਡੀਗੜ੍ਹ

### ਸਾਲਾਨਾ ਸਮਾਗਮ ਅੰਬਾਲਾ ਛਾ: ਗੁਰਦੁਆਰਾ ਗੋਬਿੰਦ ਨਗਰ ਵਿਖੇ

੧੫ ਅਗਸਤ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ, ਸ਼ਾਮ ਨੂੰ ਅੰਮ੍ਰਿਤ ਸਿੰਚਾਰ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ੧੬ ਅਗਸਤ ਸਵੇਰੇ ਸਮਾਪਤੀ।

### ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸ਼ਵ ਸਮੇਂ ਬਸੀ ਪਠਾਣਾਂ ਵਿਖੇ ਰੈਣ ਸਬਾਈ ਕੀਰਤਨ

੨੫ ਅਗਸਤ ਮੰਗਲਵਾਰ ਰਾਤ ਨੂੰ ਸ੍ਰੀ ਲਾਲ ਗੁਰਦੁਆਰਾ ਸਾਹਿਬ ਧੋਬੀ ਮਹੱਲਾ ਬਸੀ ਪਠਾਣਾਂ ਵਿਖੇ ਆਇ ਜੁੜੋ ਜੀ।

### ਮੋਗਾ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਵਿਖੇ ਅਖੰਡ ਕੀਰਤਨ

੯ ਅਗਸਤ ਐਤਵਾਰ ਸਵੇਰੇ ੬ ਤੋਂ ੧੦ ਤਕ ਅਖੰਡ ਕੀਰਤਨ ਵਿਚ ਆਇ ਜੁੜੋ ਜੀ।

### ਪਿੰਡ ਸਾਹਨੇਵਾਲ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ ੨੨ ਅਗਸਤ ਸ਼ਨੀਵਾਰ ਨੂੰ

ਮਾ: ਸਤਵੰਤ ਸਿੰਘ ਸੂਚਤ ਕਰਦੇ ਹਨ, ਭਾਈ ਨਰਿੰਦਰ ਸਿੰਘ ਸਪੁਤਰ ਮਾ: ਬਚਨ ਸਿੰਘ ਦੇ ਗ੍ਰਿਹ ਵਿਖੇ ਆਇ ਜੁੜੋ ਜੀ।



www.AKJ.Org